# FARM AND SPICE

Open 7 Days a Week
8.30 am to 9.00 pm

# Diwali Special Sale on

Daily Specials on

SPECIAL OFFERS : 21 - 27 Oct

## FREE GIFT

on purchase of $20 on 24th oct

ਕਲਰਡ ਪੈਪਰ
Colored Pepper
99¢ /lb

ਬੀਨਜ਼
Beans
$1.99 /lb

ਫਿਜ਼ੀ ਪੰਪਕਿਨ ਲੋਕਲ
Fiji Pumpkin
Local
$1.29 /lb

ਅੰਜੂ ਪੀਅਰਜ਼
Anjou Pears
$1.49 /lb

ਆਵੋਕਾਡੋ
Avocado
99¢ each

ਐਂਬ੍ਰੋਸੀਆ ਸੇਬ
Apple
BC Ambrosia
$1.29 /lb

ਗਾਲਾ ਸੇਬ
Apple Gala BC
$1.29 /lb

ਖਰਬੂਜਾ
Cantaloupe
$2.49 each

ਐ-ਪਲਸ ਸੋਯਾ
Nutrela
Soya Chunks
Mini Chunks
200g
$1.99 each

ਬਦਾਮ
Almonds
Supreme
Quality
$4.49 /lb

ਸ਼ੇਰ ਵੇਸਣ
Sher
Besan
4lb
$3.99 each

ਦੇਸੀ ਨਮਕ
Desi
Pink Salt
1kg
$2.99 each

ਬੀ ਸੀ ਮਿਕਸ ਨਮਕੀਨ
BC Asst. Snacks
320g
$2.99 each

ਸਰਸੋਂ ਦਾ ਤੇਲ
Dabur/Guruji/Gagan
Mustard Oil
1Lt
$6.99 each

ਖਜੂਰਾਂ
Dates deglet
Nout pitted
850g
$5.99 each

ਹੀਰ ਵੇਸਣ
Shan Pickles
Mango/Chilli/Mixed Pickle
Lemon/Hyderabidi Mix
1kg
$3.99 each

ਬਿਕਾਨੋ ਰੱਸ
Bikano
Suji Rusk
560g
$4.99 each

ਸ਼ੇਰ ਦਾਲਾਂ
Sher Lentils
chana daal/kabuli chickpeas
red split, whole crimson,
desi chick peas
4lb
$3.99 each

ਕਾਸਾਬਲਾਂਕਾ ਕੁਕੀਜ਼
Casablanca
Butter Cookies
908g
$7.99 each

ਬ੍ਰਿਟੈਨੀਆ ਰੱਸ
Britannia
Milk Rusk
560g
$4.99 each

ਟਾਟਾ ਚਾਹ
Tata
Tea Premium
220 bags
$8.99 each

ਸ਼ੇਰ ਚਾਵਲ
Sher
Select Basmati Rice
10kg
$10.99 each

ਏ+ਪਲਸ ਆਟਾ
A+Plus
Chakki Atta
10kg
$11.99 each

ਹਾਕਿੰਜ਼ ਕੁਕਰ
Hawkins classic
pressure cooker
5ltr
$44.99 each

PUNJABI FLAVOURED KULFI ALSO AVAILABLE

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

Curbside pick up available

*while supply last

# LIQUOR discounter

## Friday Oct 14, 2022 until Sunday Nov 06, 2022

$97.99 JOHNNIE WALKER BLACK LABEL 1.75L
$49.99 SMIRNOFF VODKA 1.75L
$48.79 KAHLUA 1.75L
$52.99 TERAMANA REPOSADO 750ML
$49.99 TERAMANA BLANCO 750ML
$45.99 GREY GOOSE 750ML
$45.99 CIROC MANGO APPLE 750ML
$36.99 1.14L ABSOLUT VODKA $23.99 750ML
$35.99 1.14L WISERS DELUXE $23.99 750ML
$33.99 JAMESON 750ML
$31.99 JAGERMEISTER 750ML
$25.99 CROWN ROYAL 750ML
$25.99 PINK WHITNEY 750ML
$25.99 CAPTAIN MORGAN SPICED 750ML
$24.99 DEWARS 750ML
$23.99 STOLICHNAYA VODKA 750ML
$48.79 1.75L BACARDI $20.99 750ML
$20.99 FIREBALL 750ML

## BELOW Government Store Prices!

$38.99 JACKSON TRIGGS CAB SAUV SAUV BLANC 4L
$35.99 SAWMILL CREEK CHARDONNAY SAUV BLANC 4L
$17.99 TOM GORE CAB SAUV 750ML
$17.99 OYSTER BAY SAUV BLANC 750ML
$14.99 COPPER MOON MALBEC PINOT GRIGIO 1.5L
$14.49 FRONTERA CAB SAUV SAUV BLANC 1.5L
$13.49 YELLOW TAIL BUBBLES PINK BUBBLES 750ML
$11.99 MASI MODELO MERLOT 750ML
$10.99 JACOBS CREEK MOSCATO 750ML
$9.49 JACKSON TRIGGS MERLOT 750ML
$9.49 BAREFOOT PINOT GRIGIO 750ML

## SHOP & SAVE Rewards Program
See in-store for details

$5.99 BABY CANADIAN 750ML

$39.99 MICHELOB ULTRA 24 CANS
$37.99 BUDWEISER 24 CANS
$32.99 PABST 24 CANS
$26.99 HEINEKEN 12 BOTTLES OR 12 CANS
$25.99 MODELO 12 BOTTLES
$25.99 MILLER GENUINE DRAFT 15 CANS
$25.99 STELLA ARTOIS 12 BOTTLES OR 12 CANS
$23.99 SLEEMANS CLEAR 2.0 15 CANS
$19.99 OLD MILWAUKEE 15 CANS
$19.79 STEAMWORKS MASHUP HOPPY 8 CANS
$22.49 ARIZONA HARD ICED TEA SELTZER 12 CANS
$21.99 HEY'YALL PORCH PACK 12 CANS
$12.99 WHITE CLAW WATERMELON RASPBERRY 6 CANS

## PRICE BEAT GUARANTEE!

$9.99 OKANAGAN CRISP APPLE 2L

**8473 - 120 Street, Delta**
604.592.2599

**14357 - 104 Ave, Surrey**
778.293.1964

LiquorDiscounter.ca

follow us on facebook

Prices exclude tax and deposits and are subject to change without notice.

## ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

**ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)**

ਨੂੰ ਫੋਨ ਕਰੋ: **604-518-3637**

ਜਾਂ ਈਮੇਲ ਕਰੋ hssandhupcs@gmail.com



## FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

## CLOVERDALE VILLAGE DENTAL

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

**604-579-0102**



ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



## ਜਗਰੂਪ ਢਿੱਲੋਂ ਐਂਡ ਪਾਰਟੀ

ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:

604.401.9335
604.379.9572
778.593.9335




# ਪਿੰਡ ਘਲੋਟੀ ਅਤੇ ਘੁਡਾਣੀ ਕਲਾਂ ਦੀ ਸਮੂਹ ਸੰਗਤ ਵੱਲੋਂ ਅਖੰਡਪਾਠ ਸਾਹਿਬ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਪਿੰਡ ਘਲੋਟੀ ਅਤੇ ਘੁਡਾਣੀ ਕਲਾਂ ਦੀ ਸਮੂਹ ਸੰਗਤ ਵੱਲੋਂ ਸਲਾਨਾ ਅਖੰਡਪਾਠ ਸਾਹਿਬ ਗੁਰਦੁਆਰਾ ਬਰੁੱਕਸਾਈਡ ਸਰੀ ਵਿਖੇ 28, 29, 30 ਅਕਤੂਬਰ ਨੂੰ ਕਰਵਾਏ ਜਾ ਰਹੇ ਹਨ।

## ਪ੍ਰੋਗਰਾਮ ਦਾ ਵੇਰਵਾ

ਆਰੰਭ ਸ੍ਰੀ ਅਖੰਡਪਾਠ ਸਾਹਿਬ 28 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਭੋਗ ਸ੍ਰੀ ਅਖੰਡਪਾਠ ਸਾਹਿਬ 30 ਅਕਤੂਬਰ ਦਿਨ ਐਤਵਾਰ ਸਵੇਰੇ 9.30 ਵਜੇ

ਉਪਰੰਤ ਕੀਰਤਨ ਅਰੰਭ ਹੋਣਗੇ। ਪਿੰਡ ਘਲੋਟੀ ਕਲਾਂ ਅਤੇ ਘੁਡਾਣੀ ਕਲਾਂ ਅਤੇ ਆਸ ਪਾਸ ਦੀ ਸਮੂਹ ਸੰਗਤ ਨੂੰ ਅਪੀਲ ਹੈ ਕਿ ਸਮੇਂ ਸਿਰ ਪੁੱਜ ਕੇ ਗੁਰਬਾਣੀ, ਕਥਾ ਤੇ ਕੀਰਤਨ ਦਾ ਲਾਹਾ ਲੈ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪਿੰਡ ਘਲੋਟੀ ਅਤੇ ਘੁਡਾਣੀ ਕਲਾਂ ਦੀ ਸਮੂਹ ਸੰਗਤ ਵੱਲੋਂ ਦੀਵਾਲੀ ਅਤੇ ਬੰਦੀਛੋੜ ਦਿਵਸ ਦੀ ਲੱਖ ਲੱਖ ਵਧਾਈ

**ਜਗਜਿੰਦਰਜੀਤ ਸਿੰਘ ਪੰਧੇਰ:604-781-3634, ਦਿਲਬਾਗ ਸਿੰਘ ਰਾਏ:604-723-8559**

**ਗੁਰਦੁਆਰਾ ਸਾਹਿਬ ਬਰੁੱਕਸਾਈਡ**

8365-140 St Surrey BC Ph:604-502-0602 www.ramgarhiabc.com

# ਰੌਸ ਸੀਮਨਜ਼ ਬਣੇ ਐਬਸਫੋਰਡ ਦੇ ਮੇਅਰ
# ਪੰਜਾਬੀ ਭਾਈਚਾਰੇ ਦੇ ਦੇਵ ਸਿੱਧੂ ਅਤੇ ਕੈਲੀ ਚਾਹਲ ਕੌਂਸਲਰ ਬਣੇ

ਐਬਸਫੋਰਡ-ਐਬਸਫੋਰਡ ਦੀਆਂ ਸਿਟੀ ਕੌਂਸਲ ਦੀਆਂ ਚੋਣਾਂ ਵਿਚ ਰੌਸ ਸੀਮਨਜ਼ ਮੇਅਰ ਚੁਣੇ ਗਏ ਹਨ।ਉਨ੍ਹਾਂ ਆਪਣੇ ਨੇੜਲੇ ਵਿਰੋਧੀ ਮਨਜੀਤ ਸਿੰਘ ਸੋਹੀ ਨੂੰ 16 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ।ਇਸ ਚੋਣ ਵਿਚ ਦੋ ਪੰਜਾਬੀ ਉਮੀਦਵਾਰ ਦੇਵ ਸਿੱਧੂ ਅਤੇ ਕੈਲੀ ਚਾਹਲ ਕੌਂਸਲਰ ਚੁਣੇ ਗਏ ਹਨ।

ਦੇਵ ਸਿੱਧੂ ਦੂਜੀ ਵਾਰ ਕੌਂਸਲਰ ਬਣੇ ਹਨ ਅਤੇ ਉਨ੍ਹਾਂ ਇਸ ਵਾਰ ਸਭ ਤੋਂ ਵੱਧ 14,419 ਵੋਟਾਂ ਹਾਸਲ ਕੀਤੀਆਂ।

ਬਾਕੀ ਚੁਣੇ ਗਏ ਕੌਂਸਲਰਾਂ ਵਿਚ ਰੌਸ ਪੈਟਰੀਸੀਆ ਨੂੰ 11,144, ਬਾਰਕਮੈਨ ਨੂੰ 10,563, ਡਰੀਸਨ ਪੈਟਰੀਸੀਆ ਨੂੰ 9,507 ਮਾਰਕ ਵਾਰਕੈਨਟੀਨ ਨੂੰ 9,437, ਕੈਲੀ ਚਾਹਲ ਨੂੰ 9,156, ਡੇਵ ਲੋਵਨ ਨੂੰ 8,633 ਤੇ ਸਾਈਮਨ ਗਿਬਸਨ ਨੂੰ 8,400 ਵੋਟਾਂ ਨਾਲ ਸਫਲਤਾ ਮਿਲੀ। ਕੌਂਸਲਰ ਦੀ ਚੋਣ ਲੜਣ ਵਾਲੇ ਚਾਰ ਪੰਜਾਬੀ ਉਮੀਦਵਾਰਾਂ ਭਾਰਤੀ ਸੰਧੂ, ਗੁਰਨੂਰ ਸਿੱਧੂ, ਜੱਸ ਆਨੰਦ ਅਤੇ ਅੰਮ੍ਰਿਤਪਾਲ ਮੰਡ ਨੂੰ ਸਫਲਤਾ ਹਾਸਲ ਨਾ ਹੋ ਸਕੀ।



# ਕੈਨੇਡਾ ਨੇ 1 ਲੱਖ 80 ਹਜ਼ਾਰ
# ਇੰਮੀਗ੍ਰੇਸ਼ਨ ਬਿਨੈਕਾਰਾਂ ਨੂੰ ਦਿੱਤੀ ਰਾਹਤ



ਔਟਵਾ: ਕੈਨੇਡਾ ਸਰਕਾਰ ਨੇ ਲਗਭਗ 1 ਲੱਖ 80 ਹਜ਼ਾਰ ਟੈਂਪਰੇਰੀ ਅਤੇ ਪਰਮਾਨੈਂਟ ਰੈਜ਼ੀਡੈਂਟ ਦੇ ਬਿਨੈਕਾਰਾਂ ਲਈ ਮੈਡੀਕਲ ਜਾਂਚ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ। ਇਹ ਸਹੂਲਤ ਉਨ੍ਹਾਂ ਨੂੰ ਲੋਕਾਂ ਦਿੱਤੀ ਗਈ ਹੈ, ਜੋ ਪਹਿਲਾਂ ਹੀ ਕੈਨੇਡਾ ਵਿੱਚ ਹਨ।।ਕੈਨੇਡਾ ਦੇ ਇੰਮੀਗ੍ਰੇਸ਼ਨ, ਰਫਿਊਜੀ ਐਂਡ ਸਿਟੀਜ਼ਨਸ਼ਿਪ ਮਾਮਲਿਆਂ ਬਾਰੇ ਮੰਤਰੀ ਸ਼ੌਨ ਫਰੇਜ਼ਰ ਨੇ ਟਵਿੱਟਰ ’ਤੇ ਇਸ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਪਹਿਲਾਂ ਹੀ ਰਹੇ ਰਹਿ ਰਹੇ ਟੈਂਪਰੇਰੀ ਅਤੇ ਪਰਮਾਨੈਂਟ ਰੈਜ਼ੀਡੈਂਸੀ ਲਈ ਅਰਜ਼ੀ ਦੇਣ ਵਾਲੇ, ਜੋ ਨਿਸ਼ਚਿਤ ਮਾਪਦੰਡਾਂ ਦਾ ਪਾਲਣ ਕਰਦੇ ਨੇ, ਉਨ੍ਹਾਂ ਨੂੰ ਇੰਮੀਗ੍ਰੇਸ਼ਨ ਮੈਡੀਕਲ ਜਾਂਚ ਤੋਂ ਛੋਟ ਦਿੱਤੀ ਗਈ ਹੈ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



**Charlesworth insurance services ltd.**

Servicing the following insurance needs:
- Homeowners • Condo • Cargo
- Tenants • RV's • Liability
- Farms • Business • Auto
- Travel • Contractors • Private Auto
- Life • Disability • Marriage Licence Issuer

autoplan

*"For Fast, Friendly and Reliable Service!"*



Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



www.accuraterailing.com
**Accurate Railing & AWNING LTD**



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਉ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
*Unit # 126, 130 - 12639 - 80th Avenue, Surrey*



**KOHALY PRINTING**
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com

Wedding Cards
ਵਿਆਹ ਦੇ ਕਾਰਡ



Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਅਡਾਨੀ ਦਾ ਪੋਰਟ ਸਮੱਗਲਿੰਗ ਦਾ ਅੱਡਾ

ਪਰ ਪਿਛਲੇ ਇੱਕ ਸਾਲ ਦੌਰਾਨ ਮੋਦੀ ਦੇ ਗੁਜਰਾਤ ਵਿੱਚ ਜਿਸ ਤਰ੍ਹਾਂ ਨਸ਼ਿਆਂ ਦੀਆਂ ਇੱਕ ਤੋਂ ਇੱਕ ਵੱਡੀਆਂ ਖੇਪਾਂ ਫੜੀਆਂ ਗਈਆਂ ਹਨ, ਉਸ ਨੇ ਸਾਬਤ ਕਰ ਦਿੱਤਾ ਹੈ ਕਿ ਕੌਮਾਂਤਰੀ ਸਮੱਗਲਰਾਂ ਲਈ ਗੁਜਰਾਤ ਦੀ ਸਮੁੰਦਰੀ ਸਰਹੱਦ ਨਸ਼ਿਆਂ ਦੀ ਸਪਲਾਈ ਲਈ ਸਭ ਤੋਂ ਮਨਪਸੰਦ ਥਾਂ ਬਣ ਚੁੱਕੀ ਹੈ। ਗੁਜਰਾਤ ਵਿੱਚ ਵੀ ਇਸ ਕਾਰੋਬਾਰ ਲਈ ਮੋਦੀ ਦੇ ਮਿੱਤਰ ਅਡਾਨੀ ਦੀ ਮੁੰਦਰਾ ਪੋਰਟ ਬੰਦਰਗਾਹ ਸਮੱਗਲਰਾਂ ਨੂੰ ਬਹੁਤ ਰਾਸ ਆ ਰਹੀ ਹੈ। ਪਿਛਲੇ ਇੱਕ ਸਾਲ ਦੌਰਾਨ ਇਸ ਬੰਦਰਗਾਹ ਤੋਂ ਅਰਬਾਂ ਰੁਪਏ ਦੇ ਨਸ਼ੇ ਫੜੇ ਜਾ ਚੁੱਕੇ ਹਨ।

ਮੁੰਦਰਾ ਬੰਦਰਗਾਹ ਅਡਾਨੀ ਸਮੂਹ ਦੀ ਪ੍ਰਾਈਵੇਟ ਬੰਦਰਗਾਹ ਹੈ। ਦੇਸ਼ ਦੀਆਂ ਸਭ ਬੰਦਰਗਾਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਕੇਂਦਰੀ ਸਨਅਤੀ ਸੁਰੱਖਿਆ ਫੋਰਸ (ਸੀ ਆਈ ਐੱਸ ਐੱਫ) ਦੀ ਹੈ, ਪਰ ਮੁੰਦਰਾ ਬੰਦਰਗਾਹ ਇੱਕੋ-ਇੱਕ ਹੈ, ਜਿਸ ਦੀ ਸੁਰੱਖਿਆ ਅਡਾਨੀ ਦੀ ਆਪਣੀ ਨਿੱਜੀ ਸੁਰੱਖਿਆ ਫੋਰਸ ਕਰਦੀ ਹੈ। ਇਹ ਸਾਫ਼ ਹੈ ਕਿ ਅਡਾਨੀ ਦੀ ਇਹ ਬੰਦਰਗਾਹ ਸਮਗਲਿੰਗ ਲਈ ਇੱਕ ਅਸਾਨ ਜਗ੍ਹਾ ਬਣ ਚੁੱਕੀ ਹੈ।

ਹੁਣ ਇਸ ਬੰਦਰਗਾਹ ਤੋਂ ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀ ਆਰ ਆਈ) ਨੇ 850 ਡੱਬਿਆਂ ਵਿੱਚ ਭਰੀਆਂ 17 ਕਰੋੜ ਰੁਪਏ ਦੀਆਂ ਸਿਗਰਟਾਂ ਜ਼ਬਤ ਕੀਤੀਆਂ ਹਨ। ਜਿਨ੍ਹਾਂ ਕੰਟੇਨਰਾਂ ਵਿੱਚ ਇਹ ਸਿਗਰਟਾਂ ਆਈਆਂ ਸਨ, ਉਨ੍ਹਾਂ ਉੱਤੇ ਹੋਟਲ ਦੇ ਸਮਾਨ ਦੀ ਪਰਚੀ ਲੱਗੀ ਹੋਈ ਸੀ। ਇਸ ਤੋਂ ਪਹਿਲਾਂ ਕਿੰਨੇ ਕੰਟੇਨਰ ਅਜਿਹੀਆਂ ਪਰਚੀਆਂ ਦੀ ਆੜ ਹੇਠ ਦੇਸ਼ ਵਿੱਚ ਦਾਖ਼ਲ ਹੋ ਚੁੱਕੇ ਹੋਣਗੇ, ਇਸ ਦਾ ਪਤਾ ਲਾਉਣਾ ਮੁਸ਼ਕਲ ਹੈ। ਸਭ ਤੋਂ ਪਹਿਲਾਂ 16 ਸਤੰਬਰ 2021 ਨੂੰ ਡੀ ਆਰ ਆਈ ਨੇ ਅਫ਼ਗਾਨਿਸਤਾਨ ਤੋਂ ਆਏ ਦੋ ਕੰਟੇਨਰਾਂ ਵਿੱਚ ਭਰੀ ਹੋਈ ਵੱਡੀ ਮਾਤਰਾ ਵਿੱਚ ਹੈਰੋਇਨ ਫੜੀ ਸੀ। ਇਸ ਤੋਂ ਬਾਅਦ ਵੀ ਸਮੇਂ-ਸਮੇਂ ਉੱਤੇ ਅਜਿਹੀਆਂ ਖੇਪਾਂ ਫੜੀਆਂ ਜਾਂਦੀਆਂ ਰਹੀਆਂ ਹਨ। ਸਵਾਲ ਫਿਰ ਉਹੀ ਉਠਦਾ ਹੈ ਕਿ ਕਿੰਨੀਆਂ ਖੇਪਾਂ ਡੀ ਆਰ ਆਈ ਨੂੰ ਸੂਹ ਮਿਲਣ ਤੋਂ ਬਿਨਾਂ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਪੁੱਜ ਚੁੱਕੀਆਂ ਹੋਣਗੀਆਂ, ਇਸ ਦੀ ਜ਼ਿੰਮੇਵਾਰੀ ਕਿਸ ਦੀ ਹੈ।ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਹਰ ਵਾਰ ਨਸ਼ੇ ਦੀ ਖੇਪ ਫੜੇ ਜਾਣ ਤੋਂ ਬਾਅਦ ਅਡਾਨੀ ਸਮੂਹ ਉੱਤੇ ਕੋਈ ਕਾਰਵਾਈ ਨਹੀਂ ਹੋ ਰਹੀ। ਕੀ ਏਨੀਆਂ ਗੰਭੀਰ ਘਟਨਾਵਾਂ ਤੋਂ ਬਾਅਦ ਵੀ ਮੁੰਦਰਾ ਬੰਦਰਗਾਹ ਦੀ ਸੁਰੱਖਿਆ ਅਡਾਨੀ ਦੀ ਪ੍ਰਾਈਵੇਟ ਫੋਰਸ ਨੂੰ ਦੇਣੀ ਜਾਇਜ਼ ਹੈ? ਕੀ ਏਨੀਆਂ ਗੈਰ-ਕਾਨੂੰਨੀ ਕਾਰਵਾਈਆਂ ਕਾਰਨ ਮੋਦੀ ਦੇ ਮਿੱਤਰ ਗੌਤਮ ਅਡਾਨੀ ਦੀ ਬੰਦਰਗਾਹ ਵਿਰੁੱਧ ਕੋਈ ਕਾਰਵਾਈ ਹੋਵੇਗੀ? ਕੀ ਮੁੰਦਰਾ ਬੰਦਰਗਾਹ ਦੀ ਮਾਲਕੀ ਅਡਾਨੀ ਕੋਲ ਹੋਣਾ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਤਾਂ ਨਹੀਂ ਬਣ ਜਾਵੇਗਾ? ਕੀ ਮੌਜੂਦਾ ਸਰਕਾਰ ਕੋਲ ਅਡਾਨੀ ਵਿਰੁੱਧ ਕੋਈ ਕਾਰਵਾਈ ਕਰਨ ਦੀ ਹਿੰਮਤ ਹੀ ਨਹੀਂ? ਇਹ ਉਹ ਸਵਾਲ ਹਨ, ਜਿਹੜੇ ਜਨਤਾ ਦੇ ਮਨਾਂ ਵਿੱਚ ਪੈਦਾ ਹੋ ਰਹੇ ਹਨ ਤੇ ਇਹ ਜਾਇਜ਼ ਵੀ ਹਨ।

-ਨਵਾਂ ਜ਼ਮਾਨਾ




## ਭੁੱਖਮਰੀ ਰਿਪੋਰਟ:ਭਾਰਤ ਦਾ ਦਰਜ਼ਾ 107 ਵਾਂ ਭਾਰਤ ਨੇ ਰਿਪੋਰਟ ਤੇ ਕੀਤਾ ਸਖਤ ਇਤਰਾਜ਼

ਨਵੀਂ ਦਿੱਲੀ: 2021 ਵਿੱਚ, ਭਾਰਤ 101ਵੇਂ ਸਥਾਨ 'ਤੇ ਸੀ ਪਰ ਹੁਣ 107ਵੇਂ ਸਥਾਨ ਤੇ ਆਗਿਆ ਹੈ।ਗੁਆਂਢੀ ਦੇਸ਼ਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਤੋਂ ਵੀ ਪਿਛੇ ਰਹਿ ਗਿਆ ਹੈ। ਚੀਨ, ਤੁਰਕੀ ਅਤੇ ਕੁਵੈਤ ਸਮੇਤ 17 ਦੇਸ਼ਾਂ ਨੇ ਪੰਜ ਤੋਂ ਘੱਟ ਦੇ ਜੀਐਚਆਈ ਸਕੋਰਾਂ ਨਾਲ ਤਰੱਕੀ ਕੀਤੀ ਹੈ।ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੁਆਰਾ ਜਾਰੀ ਇੱਕ ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ ਕਿ ਗਲੋਬਲ ਹੰਗਰ ਇੰਡੈਕਸ੍ਹੀ ਰਿਪੋਰਟ ਨਾ ਸਿਰਫ ਅਸਲੀਅਤ ਤੋਂ ਵੱਖ ਹੈ, ਬਲਕਿ "ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੁਆਰਾ ਕੀਤੇ ਗਏ ਯਤਨਾਂ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕਰਦੀ ਹੈ", ਖਾਸ ਕਰਕੇ ਕੋਵਿਡ ਮਹਾਂਮਾਰੀ ਦੇ ਦੌਰਾਨ। ਮੰਤਰਾਲੇ ਨੇ ਕਿਹਾ, "ਸੂਚਕਾਂਕ ਦੀ ਗਣਨਾ ਲਈ ਵਰਤੇ ਗਏ ਚਾਰ ਸੂਚਕਾਂ ਵਿੱਚੋਂ ਤਿੰਨ ਬੱਚਿਆਂ ਦੀ ਸਿਹਤ ਨਾਲ ਸਬੰਧਤ ਹਨ ਅਤੇ ਇਹ ਪੂਰੀ ਆਬਾਦੀ ਦੇ ਪ੍ਰਤੀਨਿਧ ਨਹੀਂ ਹੋ ਸਕਦੇ," ਮੰਤਰਾਲੇ ਨੇ ਕਿਹਾ।ਭਾਰਤੀ ਮੰਤਰਾਲੇ ਨੇ ਕਿਹਾ: "ਕੁਪੋਸ਼ਿਤ ਆਬਾਦੀ ਦੇ ਅਨੁਪਾਤ ਦਾ ਚੌਥਾ ਅਤੇ ਸਭ ਤੋਂ ਮਹੱਤਵਪੂਰਨ ਸੂਚਕ 3,000 ਲੋਕਾਂ ਦੇ ਬਹੁਤ ਛੋਟੇ ਨਮੂਨੇ ਦੇ ਆਕਾਰ 'ਤੇ ਇਹ ਰਿਪੋਰਟ ਅਧਾਰਤ ਹੈ।

## ਭਾਰਤ 'ਚ 415 ਮਿਲੀਅਨ ਗਰੀਬ ਘਟੇ, ਸੰਯੁਕਤ ਰਾਸ਼ਟਰ ਨੇ ਕਿਹਾ

ਵਾਸ਼ਿੰਗਟਨ: ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਅਤੇ ਆਕਸਫੋਰਡ ਯੂਨੀਵਰਸਿਟੀ ਦੇ ਗਰੀਬੀ ਅਤੇ ਮਨੁੱਖੀ ਵਿਕਾਸ ਪਹਿਲਕਦਮੀ ਦੁਆਰਾ ਜਾਰੀ ਕੀਤੀ ਗਈ ਨਵੀਂ ਬਹੁ-ਆਯਾਮੀ ਗਰੀਬੀ ਸੂਚਕਾਂਕ ਨਾਮ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ 'ਚ 2005 ਤੋਂ 06 ਸਾਲ 2019-21 ਦੇ ਦਰਮਿਆਨ ਭਾਰਤ ਵਿੱਚ ਲਗਪਗ 415 ਮਿਲੀਅਨ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਗਿਆ ਹੈ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2020 ਦੇ ਆਬਾਦੀ ਦੇ ਅੰਕੜਿਆਂ ਦੇ ਅਨੁਸਾਰ, ਭਾਰਤ ਦੁਨੀਆ ਵਿੱਚ ਸਭ ਤੋਂ ਗਰੀਬ ਹੈ। ਇੱਥੇ ਗਰੀਬਾਂ ਦੀ ਗਿਣਤੀ 228.9 ਮਿਲੀਅਨ (22.89 ਕਰੋੜ) ਹੈ।

ਇਸ ਤੋਂ ਬਾਅਦ ਨਾਈਜੀਰੀਆ ਦਾ ਨੰਬਰ ਆਉਂਦਾ ਹੈ ਜਿੱਥੇ 96.7 ਮਿਲੀਅਨ (9.67 ਕਰੋੜ) ਗਰੀਬ ਹਨ।ਤਰੱਕੀ ਦੇ ਬਾਵਜੂਦ, ਭਾਰਤ ਦੀ ਆਬਾਦੀ ਕੋਵਿਡ-19 ਮਹਾਂਮਾਰੀ ਦੇ ਵਧ ਰਹੇ ਪ੍ਰਭਾਵਾਂ ਅਤੇ ਭੋਜਨ ਅਤੇ ਊਰਜਾ ਦੀਆਂ ਵਧਦੀਆਂ ਕੀਮਤਾਂ ਨਾਲ ਪ੍ਰਭਾਵਿਤ ਹੋਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁਪੋਸ਼ਣ ਅਤੇ ਊਰਜਾ ਸੰਕਟ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਏਕੀਕ੍ਰਿਤ ਨੀਤੀਆਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration
New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਨਫ਼ਰਤੀ ਭਾਸ਼ਣ ਦੇਣ ਵਾਲੇ ਵਾਧੇ ਵੱਲ ਕਿਉਂ ਜਾ ਰਹੇ ਹਨ?

ਦਿੱਲੀ ਦੀ 'ਆਪ' ਸਰਕਾਰ ਦੇ ਇਕ ਮੰਤਰੀ ਨੂੰ ਇਕ ਧਰਮ ਪਰਿਵਰਤਨ ਸਮਾਗਮ ਵਿਚ ਸ਼ਾਮਲ ਹੋਣ ਕਾਰਨ ਅਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪੈ ਗਿਆ ਤੇ ਦੂਜੇ ਪਾਸੇ ਭਾਜਪਾ ਦੇ ਇਕ ਦਿੱਲੀ ਦੇ ਵਿਧਾਇਕ ਤੇ ਇਕ ਸਾਂਸਦ ਨੇ ਦਿੱਲੀ ਵਿਚ ਨਫ਼ਰਤੀ ਭਾਸ਼ਣ ਦੇਂਦਿਆਂ ਮੰਚ ਤੋਂ ਆਖਿਆ ਕਿ ਉਹ ਪਿਛਲੇ ਦਿੱਲੀ ਦੰਗਿਆਂ ਦੌਰਾਨ 'ਜੇਹਾਦੀਆਂ' ਨਾਲ ਨਿਪਟਣ ਵਾਸਤੇ 2300 ਬੰਦਾ ਬਾਹਰੋਂ ਲਿਆਇਆ ਸੀ ਜੋ ਇਸ ਵਾਰ ਦੁਗਣੀ ਗਿਣਤੀ ਵਿਚ ਲਿਆਂਦੇ ਜਾਣਗੇ। ਹੈਰਾਨੀ ਦੀ ਗੱਲ ਹੈ ਕਿ ਜਿਥੇ 'ਆਪ' ਦੇ ਇਕ ਮੰਤਰੀ ਨੂੰ ਦਲਿਤਾਂ ਦਾ ਦਰਦ ਸਮਝਣ ਬਦਲੇ ਦਿੱਲੀ ਪੁਲਿਸ ਸਵਾਲ ਜਵਾਬ ਵਾਸਤੇ ਸੱਦ ਲੈਂਦੀ ਹੈ, ਉਥੇ ਦੰਗੇ ਭੜਕਾਉਣ ਵਾਲੇ ਸਾਂਸਦ ਤੇ ਵਿਧਾਇਕ ਵਿਰੁਧ ਕੇਸ ਦਰਜ ਕਰਨ ਦੀ ਗੱਲ ਵੀ ਨਹੀਂ ਕਰਦੀ ਪੁਲਿਸ। ਇਸੇ ਦਿੱਲੀ ਪੁਲਿਸ ਨੇ ਗੁਜਰਾਤ ਵਿਚ ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼ ਬੋਲਣ ਵਾਲੇ 'ਆਪ' ਆਗੂ 'ਤੇ ਪਰਚਾ ਦਰਜ ਕਰਨ ਵਿਚ ਤਾਂ ਬੜੀ ਫੁਰਤੀ ਵਿਖਾਈ ਪਰ ਜਿਨ੍ਹਾਂ ਲੋਕਾਂ ਨੇ ਅਸਲ ਵਿਚ ਮਾਹੌਲ ਖਰਾਬ ਕਰਨ ਦਾ ਯਤਨ ਕੀਤਾ, ਉਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ।

ਅੱਜ ਦੀ ਸਥਿਤੀ ਇਹ ਹੈ ਕਿ ਕਿਸੇ ਘੱਟ-ਗਿਣਤੀ ਵਿਰੁਧ, ਨਫ਼ਰਤ ਭਰੀ ਟਿਪਣੀ ਕਰਨਾ ਬਿਲਕੁਲ ਜਾਇਜ਼ ਹੈ। ਕਿਸਾਨੀ ਸੰਘਰਸ਼ ਵਿਚ ਸਿੱਖ ਕਿਸਾਨਾਂ ਨੂੰ ਅਤਿਵਾਦੀ ਤੇ ਖ਼ਾਲਿਸਤਾਨੀ ਆਖਿਆ ਗਿਆ ਸੀ। ਰਾਸ਼ਟਰੀ ਮੀਡੀਆ ਨੇ ਕਿਸਾਨਾਂ ਵਿਰੁਧ ਇਕ ਨਫ਼ਰਤ ਭਰੀ ਮੁਹਿੰਮ ਚਲਾ ਦਿਤੀ ਸੀ ਪਰ ਕਿਸਾਨਾਂ ਦੀ ਤਾਕਤ ਹੀ ਏਨੀ ਸੰਗਠਤ ਸੀ ਕਿ ਉਨ੍ਹਾਂ ਨੂੰ ਹਰਾ ਨਾ ਸਕੇ। ਬਾਕੀ ਘੱਟ-ਗਿਣਤੀਆਂ ਇਸ ਨਫ਼ਰਤ ਭਰੀ ਸੋਚ ਤੋਂ ਅਪਣਾ ਬਚਾਅ ਕਰਨ ਦੀਆਂ ਤਦਬੀਰਾਂ ਨਹੀਂ ਬਣਾ ਸਕੀਆਂ। ਫ਼ਿਲਮ ਐਕਟਰ ਆਮਿਰ ਖ਼ਾਨ ਨੇ ਇਕ ਇਸ਼ਤਿਹਾਰ ਵਿਚ ਹਿੰਦੂ ਦਾ ਕਿਰਦਾਰ ਨਿਭਾਉਂਦਿਆਂ ਵਿਆਹ ਤੋਂ ਬਾਅਦ ਗ੍ਰਹਿ ਪ੍ਰਵੇਸ਼ ਸਮੇਂ ਹਿੰਦੂ ਰੀਤ ਤੋੜਦੇ ਹੋਏ, ਪਤੀ ਦੇ ਰੂਪ ਵਿਚ ਪਹਿਲਾ ਕਦਮ ਅੰਦਰ ਰਖਿਆ। ਹੁਣ ਉਸ ਦੇ ਇਸ ਇਸ਼ਤਿਹਾਰ ਦੀ ਆਲੋਚਨਾ ਹੋ ਰਹੀ ਹੈ ਪਰ ਜਦ ਕਰਵਾ ਚੌਥ ਦਾ ਦਿਨ ਪਤੀਆਂ ਨੇ ਅਪਣੀਆਂ ਪਤਨੀਆਂ ਦੇ ਨਾਮ ਵਰਤ ਰੱਖ ਕੇ ਰੀਤਾਂ ਨੂੰ ਬਰਾਬਰੀ 'ਤੇ ਲਿਆਉਣ ਦਾ ਕਦਮ ਚੁਕਿਆ ਤਾਂ ਉਸ ਨੂੰ ਲੈ ਕੇ ਕਿਸੇ ਨੇ ਉਫ਼ ਤਕ ਨਾ ਕੀਤੀ।

ਐਨਡੀਟੀਵੀ ਦੀ ਇਕ ਵਿਸ਼ੇਸ਼ ਜਾਂਚ ਨੇ ਪਿਛਲੀ ਸਰਕਾਰ ਤੇ ਅੱਜ ਦੀ ਸਰਕਾਰ ਦੌਰਾਨ ਲੋਕਤੰਤਰ ਦੇ ਅਹੁਦੇਦਾਰਾਂ ਵਲੋਂ ਦਿਤੇ 'ਨਫ਼ਰਤੀ ਭਾਸ਼ਣਾਂ' ਬਾਰੇ ਜਾਂਚ ਪੜਤਾਲ ਕਰ ਕੇ ਇਹ ਪ੍ਰਗਟਾਵਾ ਕੀਤਾ ਹੈ ਕਿ ਭਾਜਪਾ ਸਰਕਾਰ ਅਧੀਨ ਨੇਤਾਵਾਂ ਵਲੋਂ ਨਫ਼ਰਤ ਫੈਲਾਉਣ ਦੇ ਕੇਸਾਂ ਵਿਚ 1230 ਫ਼ੀ ਸਦੀ ਵਾਧਾ ਹੋਇਆ ਹੈ ਯਾਨੀ ਹਰ ਮਹੀਨੇ ਕੋਈ ਵੱਡਾ ਚੁਣਿਆ ਨੁਮਾਇੰਦਾ ਜਾਂ ਸਿਆਸੀ ਆਗੂ ਜਾਂ ਅਹੁਦੇਦਾਰ 4 ਨਫ਼ਰਤੀ ਭਾਸ਼ਣ ਜ਼ਰੂਰ ਦੇਂਦਾ ਹੈ। ਇਹ ਅੰਕੜਾ 2014 ਤੋਂ ਅੱਜ ਤਕ ਦਾ ਹੈ ਜਿਸ ਦੌਰਾਨ 406 ਅਜਿਹੀਆਂ ਵਾਰਦਾਤਾਂ ਹੋਈਆਂ ਹਨ। ਇਨ੍ਹਾਂ ਨਫ਼ਰਤੀ ਭਾਸ਼ਣਾਂ ਰਾਹੀਂ ਵਾਤਾਵਰਣ ਵਿਚ 'ਨਫ਼ਰਤੀ ਪ੍ਰਦੂਸ਼ਣ' ਫੈਲਾਉਣ ਵਾਲਿਆਂ ਵਿਚ 81 ਫ਼ੀ ਸਦੀ ਭਾਜਪਾ ਦੇ ਆਗੂ ਸਨ ਤੇ 19 ਫ਼ੀ ਸਦੀ ਬਾਕੀ ਸਿਆਸੀ ਪਾਰਟੀਆਂ ਦੇ। ਯੂਪੀਏ ਦੇ ਸਮੇਂ 2009-14 ਵਿਚ 19 ਨਫ਼ਰਤੀ ਭਾਸ਼ਣ ਦਿਤੇ ਗਏ ਯਾਨੀ ਹਰ ਮਹੀਨੇ 0.3 ਫ਼ੀ ਸਦੀ ਭਾਸ਼ਣ ਦਿਤੇ ਗਏ।

ਨਫ਼ਰਤ ਸਾਡੇ ਸਮਾਜ ਵਿਚ ਸੀ ਤੇ ਰਹੇਗੀ ਪਰ ਜਦ ਖ਼ਾਸਮ ਖ਼ਾਸ ਲੋਕ ਨਫ਼ਰਤ ਦਾ ਪਾਠ ਪੜ੍ਹਾਉਣ ਤੇ ਉਨ੍ਹਾਂ ਨੂੰ ਸਿਸਟਮ ਵਲੋਂ ਸੁਰੱਖਿਆ ਦਿਤੀ ਜਾਵੇ ਤਾਂ ਸਮਾਜ ਵਿਚ ਨਫ਼ਰਤ ਫੈਲੇਗੀ ਹੀ। ਦਿੱਲੀ ਪੁਲਿਸ ਦੇ ਇਤਿਹਾਸ ਵਿਚ ਸਿੱਖਾਂ ਦੀ ਜਿਹੜੀ ਨਸਲਕੁਸ਼ੀ ਹੋਈ, ਉਸ ਦੀ ਕਾਂਗਰਸੀ ਲੀਡਰਾਂ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਤੇ ਜੇ ਇੰਦਰਾ ਤੇ ਰਾਜੀਵ ਗਾਂਧੀ ਵਰਗੇ ਇਨਸਾਨ ਪਹਿਲਾਂ ਆਏ ਸਨ ਤਾਂ ਫਿਰ ਵੀ ਆ ਸਕਦੇ ਹਨ। ਪਰ ਸਾਡੇ ਸਮਾਜ ਨੇ ਜੇ ਇੰਜ ਹੀ ਵਧਣਾ ਹੈ ਤਾਂ ਇਸ ਰਵਈਏ ਨੂੰ ਰੀਤ ਨਹੀਂ ਬਣਨ ਦੇਣਾ ਚਾਹੀਦਾ। ਨਫ਼ਰਤ ਨੂੰ ਜੇ ਤਾਕਤ ਦੇ ਦਿਤੀ ਤਾਂ ਇਸ ਦੇਸ਼ ਵਿਚ ਆਉਣ ਵਾਲਾ ਸਮਾਂ ਬਹੁਤ ਭਿਆਨਕ ਹੋ ਸਕਦਾ ਹੈ। ਚੁਣੇ ਹੋਏ ਨੁਮਾਇੰਦੇ ਜੇ ਲੋਕਾਂ ਦੀ ਸੇਵਾ ਨਹੀਂ ਕਰ ਰਹੇ ਤਾਂ ਪੰਜ ਸਾਲ ਬਾਅਦ ਤਾਕਤ ਜਨਤਾ ਦੇ ਹੱਥ ਵਿਚ ਹੁੰਦੀ ਹੈ। ਵੇਖਣਾ ਹੋਵੇਗਾ ਕਿ ਜਿੱਤ ਨਫ਼ਰਤ ਦੀ ਹੁੰਦੀ ਹੈ ਜਾਂ ਅਮਨ-ਸ਼ਾਂਤੀ ਦੀ। - ਨਿਮਰਤ ਕੌਰ

## ਮਾਨ ਦਾ ਖੱਟਰ ਨੂੰ ਜਵਾਬ
## ਪਾਣੀ ਹੀ ਨਹੀਂ ਤਾਂ ਨਹਿਰ ਕਿੱਦਾਂ ਬਣਾਈਏ?



ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਰਮਿਆਨ ਸਤਲੁਜ-ਯਮੁਨਾ ਲਿੰਕ (ਐੱਸ ਵਾਈ ਐੱਲ) ਨਹਿਰ ਦੇ ਮਾਮਲੇ 'ਤੇ ਚਰਚਾ ਬੇਨਤੀਜਾ ਰਹੀ। ਉਹ ਹੁਣ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੂੰ ਮਿਲਣਗੇ ਅਤੇ ਉਨ੍ਹਾ ਨੂੰ ਮੀਟਿੰਗ ਬਾਰੇ ਜਾਣਕਾਰੀ ਦੇਣਗੇ। ਮੀਟਿੰਗ ਹਰਿਆਣਾ ਨਿਵਾਸ 'ਚ ਹੋਈ। ਸੁਪਰੀਮ ਕੋਰਟ ਨੇ ਹਾਲ ਹੀ 'ਚ ਦੋਵਾਂ ਮੁੱਖ ਮੰਤਰੀਆਂ ਨੂੰ ਇਸ ਮਾਮਲੇ 'ਤੇ ਮਿਲਣ ਅਤੇ ਸੁਖਾਵਾਂ ਹੱਲ ਕੱਢਣ ਲਈ ਕਿਹਾ ਸੀ। ਮੀਟਿੰਗ ਤੋਂ ਬਾਅਦ ਮਾਨ ਨੇ ਕਿਹਾ ਕਿ ਕਹਿਣ ਨੂੰ ਪੰਜਾਬ ਪੰਜ ਆਬ ਹੈ ਪਰ ਉਸ ਕੋਲ ਪਾਣੀ ਨਹੀਂ ਹੈ। ਉਨ੍ਹਾ ਕਿਹਾ ਕਿ ਐੱਸ ਵਾਈ ਐੱਲ ਨਹਿਰ ਨਹੀਂ ਬਣਾਵਾਂਗੇ, ਜੇ ਪਾਣੀ ਨਹੀਂ ਹੈ ਤਾਂ ਨਹਿਰ ਕਿਉਂ? ਮਾਨ ਨੇ ਕਿਹਾ ਕਿ ਹਰਿਆਣਾ ਨੂੰ ਦੇਣ ਲਈ ਪਾਣੀ ਦੀ ਇਕ ਬੂੰਦ ਵੀ ਨਹੀਂ, ਕਿਉਂਕਿ ਪੰਜਾਬ 'ਚ ਪਾਣੀ ਦਾ ਪੱਧਰ ਪਹਿਲਾਂ ਹੀ ਬਹੁਤ ਹੇਠਾਂ ਚਲਾ ਗਿਆ ਹੈ। ਕੇਂਦਰ ਸਰਕਾਰ ਹਰਿਆਣਾ ਨੂੰ ਯਮੁਨਾ ਤੋਂ ਪਾਣੀ ਦੇ ਦੇਵੇ।ਮਾਨ ਨੇ ਕਿਹਾ ਕਿ "ਜਦੋਂ ਇਸ ਨਹਿਰ ਲਈ ਸਮਝੌਤਾ ਹੋਇਆ ਸੀ, ਉਦੋਂ ਪੰਜਾਬ ਨੂੰ 18.56 ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਪਾਣੀ ਮਿਲ ਰਿਹਾ ਸੀ, ਜਿਹੜਾ ਹੁਣ ਘਟ ਕੇ 12.63 ਐਮ. ਏ. ਐਫ. ਰਹਿ ਗਿਆ ਹੈ, ਜਿਸ ਤੋਂ ਸਾਫ ਹੈ ਕਿ ਪੰਜਾਬ ਕੋਲ ਕਿਸੇ ਵੀ ਰਾਜ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ।

### (ਮੁੱਖ ਪੰਨੇ ਦੀ ਬਾਕੀ)

ਵਿਚ ਨਿੱਤਰੇ ਸਨ।13 ਪੰਜਾਬੀ ਮੇਅਰ ਉਮੀਦਵਾਰਾਂ 'ਚੋਂ ਸਿਰਫ਼ ਸੁਰਿੰਦਰਪਾਲ ਸਿੰਘ ਰਾਠੌਰ ਹੀ ਜਿੱਤਣ ਵਿਚ ਕਾਮਯਾਬ ਰਹੇ।ਸੰਨ 1974 ਵਿਚ ਕੈਨੇਡਾ ਆਏ ਸੁਰਿੰਦਰਪਾਲ ਸਿੰਘ 6 ਵਾਰ ਵਿਲੀਅਮਜ਼ ਲੇਕ ਦੇ ਕੌਂਸਲਰ ਰਹਿ ਚੁੱਕੇ ਹਨ। ਫਗਵਾੜਾ ਨੇੜਲੇ ਹੀ ਪਿੰਡ ਮਾਧੋਪੁਰ ਦੇ ਸਤਵਿੰਦਰ ਸਿੰਘ 'ਸੈਵ' ਧਾਲੀਵਾਲ ਬਰਨਬੀ ਤੋਂ ਲਗਾਤਾਰ 7ਵੀਂ ਵਾਰ ਕੌਂਸਲਰ ਚੁਣੇ ਗਏ ਹਨ।ਇਨ੍ਹਾਂ ਨਗਰਪਾਲਿਕਾ ਚੋਣਾਂ 'ਚ ਤਿੰਨ ਪੰਜਾਬਣਾਂ ਵੀ ਕੌਂਸਲਰ ਬਣੀਆਂ ਹਨ। ਦਿੱਲੀ ਦੀ ਚੀਨੂੰ ਦਾਸ ਨਿਊਵੈਸਟ ਤੋਂ ਕੌਂਸਲਰ ਚੁਣੀ ਗਈ ਹੈ।ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹੱਲੂਵਾਲ ਦੇ ਕਸ਼ਮੀਰ ਸਿੰਘ ਕੈਸ ਹੀਡ ਰਿਸਮੰਡ ਤੋਂ ਕੌਂਸਲਰ ਚੁਣੇ ਗਏ ਹਨ। ਹੈਰੀ ਬੈਂਸ, ਪਰਦੀਪ ਕੌਰ ਕੂਨਰ ਤੇ ਮਨਦੀਪ ਸਿੰਘ ਨਾਗਰਾ ਸਰੀ ਤੋਂ ਕੌਸਲਰ ਚੁਣੇ ਗਏ। ਇਕਬਾਲਾ ਮੰਡ ਕਲੋਨਾ, ਬਿੱਲ ਸਰਾਏ ਕੈਮਲੂਪਸ, ਗੁਰਵਿੰਦਰ ਸਿੰਘ ਰੰਧਾਵਾ ਤੇ ਐਂਡੀ ਚੁੱਘ ਪ੍ਰਿੰਸ ਰੂਪਰਟ, ਜੈਸੀ ਦੋਸਾਂਝ ਤੇ ਜੈਨੀਫਰ ਜੌਹਲ ਡੈਲਟਾ, ਮਹਿੰਦਰਪਾਲ ਸਿੰਘ ਮਿਨਹਾਸ ਨਿਊਵੈਸਟਮਨਿਸਟਰ ਤੋਂ ਕੌਂਸਲਰ ਚੁਣੇ ਗਏ ਹਨ।'ਪੰਜਾਬੀ ਪੱਤ੍ਰਿਕਾ' ਅਖ਼ਬਾਰ ਦੇ ਮੁੱਖ ਸੰਪਾਦਕ ਡਾ. ਐਂਡੀ ਸਿੱਧੂ ਦੇ ਪੁੱਤਰ ਖੁਸ਼ਦੇਵ ਸਿੰਘ ਦੇਵ ਸਿੱਧੂ ਤੇ ਮੁੱਲਾਂਪੁਰ ਦਾਖਾ ਨੇੜਲੇ ਪਿੰਡ ਪੰਡੋਰੀ ਦੀ ਕੁਲਦੀਪ ਕੌਰ 'ਕੈਲੀ' ਚਾਹਲ ਐਬਟਸਫੋਰਡ ਤੋਂ ਕੌਂਸਲਰ ਚੁਣੇ ਗਏ ਹਨ।ਜਲੰਧਰ ਦੇ ਕੁਲਵਿੰਦਰ ਸਿੰਘ ਤੇ ਦਿੱਲੀ ਦੇ ਜੈਰਾ ਗਿੱਲ ਮਿਸ਼ਨ ਤੋਂ ਕੌਂਸਲਰ ਬਣੇ ਹਨ।ਪ੍ਰੀਤ ਰਾਏ, ਰੂਪੀ ਕੰਡਾ ਰਾਜਵਾਨ, ਨਿੰਮੀ ਡੌਲਾ, ਡਾ: ਅਮੀਨ ਢਿੱਲੋਂ ਡੈਲਟਾ ਤੇ ਗੈਰੀ ਥਿੰਦ ਸਰੀ ਤੋਂ ਸਕੂਲ ਟਰੱਸਟੀ ਚੁਣੇ ਗਏ ਹਨ।ਵੈਨਕੂਵਰ ਤੋਂ ਪ੍ਰੀਤੀ ਫਰੀਦਕੋਟ ਸਕੂਲ ਟਰੱਸਟੀ ਅਤੇ ਜਸ ਵਿਰਦੀ ਪਾਰਕ ਬੋਰਡ ਦੇ ਕਮਿਸਨਰ ਚੁਣੇ ਗਏ।







# ਕਾਲੇ ਧਨ ਦਾ ਕਾਲਾ ਚਿੱਠਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਵਿਦੇਸ਼ਾਂ ਵਿੱਚ ਜਮ੍ਹਾਂ ਭਾਰਤੀਆਂ ਦੇ ਕਾਲੇ ਧਨ ਨੂੰ ਮੁੱਖ ਮੁੱਦਾ ਬਣਾ ਕੇ ਲੋਕਾਂ ਨੂੰ ਬੜੇ ਸਬਜ਼ਬਾਗ ਦਿਖਾਏ ਸਨ। ਉਨ੍ਹਾ ਇਥੋਂ ਤੱਕ ਕਹਿ ਦਿੱਤਾ ਸੀ ਕਿ ਉਸ ਦੀ ਸਰਕਾਰ ਆਉਣ ’ਤੇ ਵਿਦੇਸ਼ਾਂ ਵਿੱਚ ਜਮ੍ਹਾਂ ਕਾਲੇ ਧਨ ਨੂੰ ਦੇਸ਼ ਵਿੱਚ ਲਿਆ ਕੇ ਹਰ ਭਾਰਤੀ ਦੇ ਖਾਤੇ ਵਿੱਚ 15-15 ਲੱਖ ਰੁਪਏ ਪਾ ਦਿੱਤੇ ਜਾਣਗੇ। ਚੋਣ ਜਿੱਤਣ ਤੋਂ ਬਾਅਦ ਭਾਜਪਾ ਆਗੂਆਂ ਨੇ ਇਸ ਨੂੰ ਚੋਣ ਜੁਮਲਾ ਕਹਿ ਕੇ ਪੱਲਾ ਝਾੜ ਲਿਆ ਸੀ।

ਪਿਛਲੇ ਅੱਠ ਸਾਲਾਂ ਦੌਰਾਨ ਸਵਿਸ ਬੈਂਕਾਂ ਵੱਲੋਂ ਖਾਤਾਧਾਰੀ ਭਾਰਤੀਆਂ ਦੀ ਲਿਸਟ ਦੇ ਦੇਣ ਦੇ ਬਾਅਦ ਵੀ ਮੋਦੀ ਸਰਕਾਰ ਇਸ ਲਿਸਟ ਨੂੰ ਜਨਤਕ ਕਰਨ ਤੋਂ ਕੰਨੀ ਕਤਰਾ ਰਹੀ ਹੈ। ਹੁਣ ਸਵਿਸ ਬੈਂਕਾਂ ਨੇ ਖਾਤਾਧਾਰਕਾਂ ਦੀ ਚੌਥੀ ਲਿਸਟ ਵੀ ਸਰਕਾਰ ਦੇ ਹਵਾਲੇ ਕਰ ਦਿੱਤੀ ਹੈ, ਪਰ ਮੋਦੀ ਸਰਕਾਰ ਇਸ ’ਤੇ ਕੁੰਡਲੀ ਮਾਰ ਕੇ ਬੈਠ ਗਈ ਹੈ। ਵਿੱਤ ਮੰਤਰਾਲੇ ਨੇ ਮੰਨਿਆ ਹੈ ਕਿ ਸਵਿਸ ਬੈਂਕਾਂ ਨੇ ਉਨ੍ਹਾਂ ਨਾਲ ਭਾਰਤੀ ਖਾਤਾਧਾਰਕਾਂ ਦੀ ਜਾਣਕਾਰੀ ਸਾਂਝੀ ਕੀਤੀ ਹੈ, ਪਰ ਇਨ੍ਹਾਂ ਦੇ ਨਾਂਅ ਦੱਸਣ ਤੋਂ ਪਾਸਾ ਵੱਟ ਲਿਆ ਹੈ।

ਪੀ ਟੀ ਆਈ ਦੀ ਖ਼ਬਰ ਮੁਤਾਬਕ ਭਾਰਤ ਨੂੰ ਆਪਣੇ ਨਾਗਰਿਕਾਂ ਤੇ ਸੰਗਠਨਾਂ ਦੇ ਬੈਂਕ ਖਾਤਿਆਂ ਦਾ ਚੌਥਾ ਸੈੱਟ ਮਿਲ ਗਿਆ ਹੈ। ਸਵਿਟਜ਼ਰਲੈਂਡ ਨੇ ਭਾਰਤ ਸਮੇਤ 101 ਦੇਸ਼ਾਂ ਦੇ 34 ਲੱਖ ਖਾਤਿਆਂ ਦਾ ਬਿਓਰਾ ਸਾਂਝਾ ਕੀਤਾ ਹੈ। ਇਨ੍ਹਾਂ ਵਿੱਚ ਸੈਂਕੜੇ ਖਾਤੇ ਭਾਰਤੀਆਂ ਦੇ ਹਨ, ਜਿਨ੍ਹਾਂ ਵਿੱਚ ਲੋਕਾਂ, ਕੰਪਨੀਆਂ ਤੇ ਸੰਗਠਨਾਂ ਦੇ ਖਾਤੇ ਸ਼ਾਮਲ ਹਨ। ਸਵਿਸ ਸੰਘੀ ਕਰ ਪ੍ਰਸ਼ਾਸਨ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਪਿਛਲੇ ਕੁਝ ਸਮੇਂ ਦੌਰਾਨ ਵਿੱਤੀ ਖਾਤਿਆਂ ਦੀ ਗਿਣਤੀ ਵਿੱਚ ਇੱਕ ਲੱਖ ਦਾ ਵਾਧਾ ਹੋ ਗਿਆ ਹੈ। ਭਾਰਤ ਨੂੰ ਸਭ ਤੋਂ ਪਹਿਲਾਂ ਸਵਿਟਜ਼ਰਲੈਂਡ ਨਾਲ ਸੂਚਨਾ ਦੇ ਆਦਾਨ-ਪ੍ਰਦਾਨ ਤਹਿਤ ਸਤੰਬਰ 2019 ਵਿੱਚ ਖਾਤਾਧਾਰਕਾਂ ਦੀ ਪਹਿਲੀ ਸੂਚੀ ਮਿਲੀ ਸੀ। ਉਸ ਤੋਂ ਬਾਅਦ ਹਰ ਸਾਲ ਸਵਿਟਜ਼ਰਲੈਂਡ ਇਹ ਅੰਕੜੇ ਭਾਰਤ ਨਾਲ ਸਾਂਝੇ ਕਰਦਾ ਆ ਰਿਹਾ ਹੈ।

ਪਿਛਲੇ ਸਾਲ ਸਵਿਟਜ਼ਰਲੈਂਡ ਦੇ ਕੇਂਦਰੀ ਬੈਂਕ ਦੇ ਹਵਾਲੇ ਨਾਲ ਨਿਊਜ਼ ਏਜੰਸੀ ਪੀ ਟੀ ਆਈ ਨੇ ਖ਼ਬਰ ਦਿੱਤੀ ਸੀ ਕਿ ਭਾਰਤੀਆਂ ਤੇ ਇਨ੍ਹਾਂ ਦੀਆਂ ਕੰਪਨੀਆਂ ਦਾ ਸਵਿਸ ਬੈਂਕਾਂ ਵਿੱਚ ਜਮ੍ਹਾਂ ਧਨ 2020 ਵਿੱਚ ਪਿਛਲੇ 13 ਸਾਲਾਂ ਵਿੱਚ ਸਭ ਤੋਂ ਵੱਧ 2.55 ਅਰਬ ਸਵਿਸ ਫਰੈਂਕ ਜਾਂ 20500 ਕਰੋੜ ਰੁਪਏ ਹੋ ਚੁੱਕਾ ਹੈ। ਸਾਲ 2019 ਦੇ ਅੰਤ ਤੱਕ ਇਹ ਰਕਮ 6625 ਕਰੋੜ ਰੁਪਏ ਸੀ, ਪਰ 2020 ਵਿੱਚ ਇਸ ਵਿੱਚ ਤਿੰਨ ਗੁਣਾ ਤੋਂ ਵੀ ਵੱਧ ਵਾਧਾ ਹੋ ਗਿਆ ਸੀ।ਸਾਲ 2016 ਵਿੱਚ ਭਾਰਤ ਸਰਕਾਰ ਤੇ ਸਵਿਸ ਸਰਕਾਰ ਦਰਮਿਆਨ ਇੱਕ ਸਮਝੌਤਾ ਹੋਇਆ ਸੀ, ਜਿਸ ਤਹਿਤ ਦੋਵੇਂ ਦੇਸ਼ ਇੱਕ-ਦੂਜੇ ਨਾਲ ਜਾਣਕਾਰੀ ਸਾਂਝੀ ਕਰਦੇ ਰਹਿਣਗੇ। ਇਸ ਸਮਝੌਤੇ ਅਨੁਸਾਰ 2018 ਤੋਂ ਬਾਅਦ ਸਵਿਸ ਬੈਂਕਾਂ ਵਿੱਚ ਖੋਲ੍ਹੇ ਗਏ ਕਿਸੇ ਵੀ ਭਾਰਤੀ ਦੇ ਖਾਤੇ ਬਾਰੇ ਭਾਰਤੀ ਆਮਦਨ ਕਰ ਵਿਭਾਗ ਨੂੰ ਜਾਣਕਾਰੀ ਮਿਲਦੀ ਰਹੇਗੀ।

ਆਮ ਜਨਤਾ ਵਿੱਚ ਇਹ ਸਵਾਲ ਉੱਠਣਾ ਸੁਭਾਵਕ ਹੈ ਕਿ ਆਖਰ ਭਾਰਤ ਸਰਕਾਰ ਇਨ੍ਹਾਂ ਖਾਤਿਆ ਦਾ ਵੇਰਵਾ ਜਨਤਕ ਕਿਉਂ ਨਹੀਂ ਕਰ ਰਹੀ।

ਇਸ ਮਾਮਲੇ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਖਾਤਿਆਂ ਵਿਚਲੇ ਧਨ ਦੇ ਅੰਕੜਿਆਂ ਨੂੰ ਕਾਲੇ ਧਨ ਦੇ ਸ਼ੱਕੀ ਮਾਮਲਿਆਂ ਤੇ ਅੱਤਵਾਦੀਆਂ ਨੂੰ ਮਦਦ ਦੇਣ ਦੇ ਕੇਸਾਂ ਦੀ ਪੜਤਾਲ ਦੌਰਾਨ ਵਰਤਿਆ ਜਾ ਸਕੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਖਾਤਿਆਂ ਬਾਰੇ ਵਿਸਥਾਰਤ ਜਾਣਕਾਰੀ ਇਸ ਲਈ ਨਹੀਂ ਦਿੱਤੀ ਜਾ ਰਹੀ, ਕਿਉਂਕਿ ਇਸ ਦਾ ਜਾਂਚ ਉੱਤੇ ਉਲਟ ਅਸਰ ਪੈ ਸਕਦਾ ਹੈ।

ਅਧਿਕਾਰੀਆਂ ਦੀ ਇਹ ਗੱਲ ਕਿਸੇ ਦੇ ਵੀ ਹਜ਼ਮ ਨਹੀਂ ਹੋ ਸਕਦੀ, ਕਿਉਂਕਿ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਕਾਲੇ ਧਨ ਦਾ ਇੱਕ ਵੀ ਚੋਰ ਕਟਹਿਰੇ ਵਿੱਚ ਖੜ੍ਹਾ ਨਹੀਂ ਕੀਤਾ ਜਾ ਸਕਿਆ। ਲਗਦਾ ਹੈ ਕਿ ਇਹ ਮਾਮਲਾ ਵੀ ਸਿਆਸੀ ਗੇੜ ਦੀ ਭੇਟ ਚੜ੍ਹ ਚੁੱਕਾ ਹੈ। ਖਾਤਾਧਾਰਕਾਂ ਉੱਤੇ ਇਸ ਕਾਲੇ ਧਨ ਦੀ ਤਲਵਾਰ ਲਟਕਾਈ ਰੱਖੋ ਤੇ ਇਸੇ ਡਰ ਹੇਠ ਆਪਣਾ ਉੱਲੂ ਸਿੱਧਾ ਕਰੀ ਜਾਓ।

ਨਵਾ ਜ਼ਮਾਨਾ

AujLawZ Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ


Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# 'ਸਭ ਠੀਕ ਠਾਕ ਹੈ' ਦਾ ਰਾਗ ਵੀ ਬੰਦ ਨਹੀਂ ਹੋ ਰਿਹਾ
# ਭਾਰਤ ਕਿਹੜੇ ਪਾਸੇ ਜਾ ਰਿਹਾ ਹੈ? ਮਹਿੰਗਾਈ ਦੇ ਭਾਰ ਹੇਠ ਗ਼ਰੀਬ ਤਾਂ ਪਿਸ ਰਿਹਾ ਹੈ...



ਮਹਿੰਗਾਈ ਅਪਣੀਆਂ ਹੱਦਾਂ ਤੋੜ ਕੇ ਅੱਗੇ ਵਧਦੀ ਜਾ ਰਹੀ ਹੈ ਤੇ ਗ਼ਰੀਬ ਦੀ ਕਮਰ ਵੀ ਨਾਲ ਹੀ ਟੁਟ ਰਹੀ ਹੈ ਪਰ ਸਾਡੀਆਂ ਸਰਕਾਰਾਂ ਨੂੰ ਚਿੰਤਾ ਹੀ ਕੋਈ ਨਹੀਂ ਲਗਦੀ। ਉਨ੍ਹਾਂ ਨੂੰ ਲਗਦਾ ਹੈ ਕਿ ਉਹ ਸਹੀ ਦਿਸ਼ਾ ਵਲ ਹੀ ਜਾ ਰਹੀਆਂ ਹਨ। ਉਹ ਅਮਰੀਕਾ ਵਿਚ ਜਾ ਕੇ ਭਾਰਤ ਦੇ ਵਿਕਾਸ ਦੀ ਕਹਾਣੀ ਸੁਣਾ ਰਹੇ ਹਨ ਪਰ ਹਕੀਕਤ ਵਿਚ ਤਸਵੀਰ ਕੁੱਝ ਹੋਰ ਹੀ ਨਜ਼ਰ ਆ ਰਹੀ ਹੈ। ਮਹਿੰਗਾਈ ਤਾਂ ਵੱਧ ਹੀ ਰਹੀ ਹੈ ਪਰ ਸਰਕਾਰੀ ਅੰਕੜੇ ਦਸ ਰਹੇ ਹਨ ਕਿ ਉਦਯੋਗਿਕ ਵਿਕਾਸ ਵੀ ਹੇਠਾਂ ਡਿੱਗੀ ਜਾ ਰਿਹਾ ਹੈ।ਸਾਡੀ ਅੱਜ ਦੀ ਸਰਕਾਰ ਚੀਨ ਦੀਆਂ ਨੀਤੀਆਂ ਤੋਂ ਬਹੁਤ ਪ੍ਰਭਾਵਤ ਹੈ ਕਿਉਂਕਿ ਸਾਡੀ ਆਬਾਦੀ ਦਾ ਮੁਕਾਬਲਾ ਸਿਰਫ਼ ਚੀਨ ਨਾਲ ਹੀ ਕੀਤਾ ਜਾ ਸਕਦਾ ਹੈ। ਚੀਨ ਨੇ ਅਪਣੇ ਆਪ ਨੂੰ ਅਮਰੀਕਾ ਦੇ ਮੁਕਾਬਲੇ ਖੜਾ ਕਰਨ ਵਾਸਤੇ ਅਪਣੇ ਆਪ ਨੂੰ ਦੁਨੀਆਂ ਦਾ ਉਦਯੋਗ ਕੇਂਦਰ ਬਣਾ ਲਿਆ ਸੀ।ਚੀਨ ਉਹ ਦੇਸ਼ ਹੈ ਜਿਥੇ ਜਦ 2009 ਵਿਚ ਦੁਧ ਦੇ ਪਾਊਡਰ ਵਿਚ ਮਿਲਾਵਟ ਮਿਲੀ ਸੀ ਤਾਂ ਉਸ ਕੰਪਨੀ ਦੇ ਦੋ ਅਧਿਕਾਰੀਆਂ ਨੂੰ ਜਾਨੋਂ ਮਾਰ ਦਿਤਾ ਗਿਆ ਸੀ। ਉਸ ਦੀ ਇਹੀ ਤਾਕਤ ਹੈ ਜਿਸ ਕਾਰਨ ਭਾਵੇਂ ਚੀਨ ਰੂਸ ਨਾਲ ਅਮਰੀਕਾ ਦੇ ਵਿਰੋਧ ਵਿਚ ਖੜਾ ਹੈ, ਫਿਰ ਵੀ ਅੱਜ ਅਮਰੀਕਾ ਚੀਨ ਨੂੰ ਨਾਰਾਜ਼ ਨਹੀਂ ਕਰ ਸਕਦਾ। ਜੇ ਅੱਜ ਤੁਸੀਂ ਚੀਨ ਤੋਂ ਅਮਰੀਕਾ ਦਾ ਵੀਜ਼ਾ ਲੈਣਾ ਹੋਵੇ ਤਾਂ ਅਗਲੇ ਦਿਨ ਮਿਲ ਜਾਂਦਾ ਹੈ, ਪਰ ਭਾਰਤ ਵਿਚ 800 ਦਿਨ ਦੀ ਲਾਈਨ ਲੱਗੀ ਹੋਈ ਹੈ। ਛੋਟੀ ਤੋਂ ਵੱਡੀ ਹਰ ਕਦਰ ਉਥੇ ਚੀਨੀਆਂ ਨੂੰ ਮਿਲ ਰਹੀ ਹੈ। ਪਰ ਭਾਰਤ ਤੇ ਭਾਰਤੀਆਂ ਦੀ ਕਦਰ ਨਹੀਂ ਪੈ ਰਹੀ ਕਿਉਂਕਿ ਜੇ ਉਹ ਆਮ ਭਾਰਤੀ ਨੂੰ ਦਬਾ ਕੇ ਸਖ਼ਤੀ ਵਿਖਾ ਰਿਹਾ ਹੈ ਤਾਂ ਅਜਿਹਾ ਕਰਦੇ ਸਮੇਂ ਉਸ ਕੋਲ ਦੂਰਅੰਦੇਸ਼ੀ ਵਾਲੀ ਕੋਈ ਸੋਚ ਕੰਮ ਨਹੀਂ ਕਰਦੀ ਨਜ਼ਰ ਆਉਂਦੀ। ਭਾਰਤ ਦੀ ਅਰਥ ਵਿਵਸਥਾ ਨੂੰ ਸਿਰਫ਼ ਵਪਾਰ ਹੀ ਡੂੰਘੀ ਖਾਈ ਵਿਚੋਂ ਕੱਢ ਸਕਦਾ ਹੈ ਜਿਸ ਨਾਲ ਸਾਡਾ ਰੁਪਿਆ ਤਾਕਤਵਰ ਬਣੇ। ਜਿਵੇਂ ਸਾਡੀ ਹਰਿਆਣਾ ਵਿਚ ਬਣਾਈ ਜਾਂਦੀ ਖਾਂਸੀ ਦੀ ਦਵਾਈ ਨੇ ਅਫ਼ਰੀਕਾ ਵਿਚ 66 ਬੱਚੇ ਮਾਰ ਦਿਤੇ ਹਨ, ਉਸ ਨਾਲ ਸਾਡੀ ਮੈਡੀਕਲ ਸ਼ੋਹਰਤ ਵਿਚ ਹੋਰ ਗਿਰਾਵਟ ਆਵੇਗੀ। ਇਸ ਪਿਛੇ ਸਾਡੀਆਂ ਸਰਕਾਰਾਂ ਦੀ ਸੋਚ ਹੀ ਜ਼ਿੰਮੇਵਾਰ ਹੈ। ਅਸੀ ਅਜੇ ਜਾਂਚ ਕਮੇਟੀਆਂ ਬਿਠਾ ਰਹੇ ਹਾਂ ਤੇ ਡਬਲਿਊ ਐਚ ਓ ਨੇ ਫ਼ਤਵਾ ਵੀ ਦੇ ਦਿਤਾ ਹੈ। ਨਾ ਅਸੀ ਅਸਲ ਵਿਚ ਅਮਰੀਕਾ ਦੇ ਲੋਕਤੰਤਰੀ ਪੱਥ ਤੇ ਚਲ ਰਹੇ ਹਾਂ ਤੇ ਨਾ ਹੀ ਚੀਨ ਦੀ ਇਮਾਨਦਾਰੀ ਦਾ ਅਨੁਸਰਣ ਕਰ ਰਹੇ ਹਾਂ। ਅੱਜ ਜੇ ਲੋੜ ਹੈ ਤਾਂ ਇਸ ਗੱਲ ਦੀ ਕਿ ਭਾਰਤ ਦੀ ਅਪਣੀ ਤਾਕਤ ਨੂੰ ਨਾਪ ਤੋਲ ਕੇ ਨੀਤੀ ਬਣਾਈ ਜਾਵੇ। ਪਿੱਛੇ ਅਸੀ ਅਪਣੀ ਮਜ਼ਬੂਤ ਖੇਤੀ ਕਾਰਨ ਕਾਰਨ ਭੁਖਮਰੀ ਤੋਂ ਬਚੇ ਹਾਂ। ਪਰ ਸਾਡੇ ਮਾਹਰ ਸਿਰਫ਼ 1 ਫ਼ੀ ਸਦੀ ਅਮੀਰਾਂ ਵਾਸਤੇ ਸੋਚਦੇ ਹਨ ਨਾ ਕਿ ਉਸ ਗ਼ਰੀਬ ਤਬਕੇ ਵਾਸਤੇ ਜਿਸ ਲਈ ਅੱਜ ਸਬਜ਼ੀ ਦਾਲ ਖ਼ਰੀਦਣਾ ਵੀ ਮੁਸ਼ਕਲ ਹੋ ਰਿਹਾ ਹੈ। ਪਰ ਜੇ ਇਹ ਗ਼ਰੀਬ ਵੀ ਪੇਟ ਦੀ ਭੁੱਖ ਨਾਲੋਂ ਜ਼ਿਆਦਾ ਅਹਿਮੀਅਤ ਧਰਮ ਤੇ ਜਾਤ ਦੀ ਲੜਾਈ ਨੂੰ ਦੇ ਰਿਹਾ ਹੈ ਤਾਂ ਫਿਰ ਸਰਕਾਰ ਦਾ ਵੀ ਕੀ ਕਸੂਰ ਆਖੀਏ?

-ਨਿਮਰਤ ਕੌਰ

# ਸੁਪਰੀਮ ਕੋਰਟ ਵੱਲੋਂ ਏਕਤਾ ਕਪੂਰ ਦੀ ਝਾੜਝੰਬ



ਨਵੀਂ ਦਿੱਲੀ:-ਸੁਪਰੀਮ ਕੋਰਟ ਵੱਲੋਂ ਵੈੱਬ ਲੜੀ 'XXX' ਵਿੱਚ ਇਤਰਾਜ਼ਯੋਗ ਸਮੱਗਰੀ ਪਰੋਸਣ ਲਈ ਨਿਰਮਾਤਾ ਏਕਤਾ ਕਪੂਰ ਦੀ ਕਾਫੀ ਝਾੜਝੰਬ ਕੀਤੀ ਗਈ। ਅਦਾਲਤ ਨੇ ਕਿਹਾ ਕਿ ਉਹ ਦੇਸ਼ ਦੀ ਨੌਜਵਾਨ ਪੀੜ੍ਹੀ ਦੇ ਦਿਮਾਗਾਂ ਨੂੰ ਦੂਸ਼ਿਤ ਕਰ ਰਹੀ ਹੈ।ਸਿਖ਼ਰਲੀ ਅਦਾਲਤ ਏਕਤਾ ਕਪੂਰ ਵੱਲੋਂ ਉਸ ਦੀ ਗ੍ਰਿਫ਼ਤਾਰੀ ਦੇ ਜਾਰੀ ਹੋਏ ਵਾਰੰਟਾਂ ਖ਼ਿਲਾਫ਼ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਏਕਤਾ ਕਪੂਰ 'ਤੇ ਦੋਸ਼ ਹੈ ਕਿ ਉਸ ਨੇ ਆਪਣੇ ਓਟੀਟੀ ਪਲੈਟਫਾਰਮ ਏਐੱਲਟੀਬਾਲਾਜੀ 'ਤੇ ਰਿਲੀਜ਼ ਕੀਤੀ ਵੈੱਬ ਲੜੀ ਵਿੱਚ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਭਾਵਨਾਵਾਂ ਦਾ ਅਪਮਾਨ ਕੀਤਾ ਹੈ।ਜਸਟਿਸ ਅਜੈ ਰਸਤੋਗੀ ਅਤੇ ਜਸਟਿਸ ਸੀ.ਟੀ. ਰਵੀਕੁਮਾਰ ਦੇ ਬੈਂਚ ਨੇ ਕਿਹਾ, ''ਕੁਝ ਕਰਨਾ ਹੋਵੇਗਾ।

ਤੁਸੀਂ ਦੇਸ਼ ਦੀ ਨੌਜਵਾਨ ਪੀੜ੍ਹੀ ਦੇ ਦਿਮਾਗਾਂ ਨੂੰ ਦੂਸ਼ਿਤ ਕਰ ਰਹੇ ਹੋ। ਇਹ ਸਾਰਿਆਂ ਲਈ ਉਪਲਬਧ ਹੈ। ਓਟੀਟੀ (ਓਵਰ ਦਿ ਟੌਪ) 'ਤੇ ਸਮੱਗਰੀ ਸਾਰਿਆਂ ਲਈ ਉਪਲਬਧ ਹੈ। ਤੁਸੀਂ ਲੋਕਾਂ ਨੂੰ ਕਿਸ ਤਰ੍ਹਾਂ ਦਾ ਬਦਲ ਮੁਹੱਈਆ ਕਰਵਾ ਰਹੇ ਹੋ?...।'


T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333



# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ।ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ।ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ।ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331
ਪਰਮਜੀਤ ਪਰਮਾਰ:604-889-1738

# ਬਹਿਬਲ ਕਲਾਂ ਗੋਲੀਕਾਂਡ ਦੇ 7 ਸਾਲ:ਕੁੰਵਰ ਵਿਜੇ ਪ੍ਰਤਾਪ ਨੇ ਸਰਕਾਰ ਉੱਪਰ ਚੁੱਕੇ ਸਵਾਲ



ਬਹਿਬਲ ਕਲਾਂ:-ਸਾਬਕਾ ਪੁਲਿਸ ਅਫ਼ਸਰ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਬਹਿਬਲ ਕਲਾਂ ਵਿਖੇ ਬੋਲਦਿਆਂ ਆਪਣੀ ਹੀ ਸਰਕਾਰ ਉਪਰ ਕਈ ਤਰ੍ਹਾਂ ਦੇ ਸਵਾਲ ਚੁੱਕੇ ਹਨ।ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਵਿਧਾਨ ਸਭਾ ਵਿੱਚ ਉਨ੍ਹਾਂ ਨੂੰ ਬੇਅਦਬੀ ਦੇ ਮੁੱਦੇ ਉਪਰ ਬੋਲਣ ਦੀ ਇਜਾਜ਼ਤ ਦੇਣ।ਉਹਨਾਂ ਅੱਗੇ ਕਿਹਾ ਕਿ ਜੇਕਰ ਉਨ੍ਹਾਂ ਦੀ ਰਿਪੋਰਟ ਵਿੱਚ ਇੱਕ ਵੀ ਗੱਲ ਗ਼ਲਤ ਹੋ ਜਾਵੇ ਤਾਂ ਉਹ ਅਸਤੀਫ਼ਾ ਦੇ ਦੇਣਗੇ।ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਵੀ ਬੇਅਦਬੀ ਦੇ ਮੁੱਦੇ ਉੱਤੇ ਕਟਹਿਰੇ ਵਿੱਚ ਖੜ੍ਹਾ ਕੀਤਾ।ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਰਿਪੋਰਟ ਵਿੱਚ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਬਾਦਲ ਪਰਿਵਾਰ ਦਾ ਥਾਂ-ਥਾਂ 'ਤੇ ਜ਼ਿਕਰ ਹੈ।

ਬਹਿਬਲ ਕਲਾਂ ਗੋਲੀਕਾਂਡ ਅਤੇ ਬੇਅਦਬੀ ਦੇ 7 ਸਾਲਾਂ ਬਾਅਦ ਲੋਕਾਂ ਵੱਲੋਂ ਮੁਲਜ਼ਮਾਂ ਨੂੰ ਸਜ਼ਾ ਦਵਾਉਣ ਲਈ ਸੰਘਰਸ਼ ਜਾਰੀ ਹੈ।ਬਹਿਬਲ ਕਲਾਂ ਦੇ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਲੋਕਾਂ ਵੱਲੋਂ 'ਇਨਸਾਫ਼' ਦੀ ਮੰਗ ਕਰਦਿਆਂ ਪਾਠ ਦੇ ਭੋਗ ਪਾਏ ਗਏ।

ਇਸ ਸਮਾਗਮ ਵਿੱਚ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ, 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਅਤੇ ਅਮਰੀਕ ਸਿੰਘ ਅਜਨਾਲਾ ਵੀ ਪਹੁੰਚੇ ਹੋਏ ਸਨ।ਇਕੱਠ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਵੀ ਸ਼ਾਮਲ ਹੋਈਆਂ।14 ਅਕਤੂਬਰ 2015 ਨੂੰ ਬਹਿਬਲ ਕਲ੍ਹਾਂ ਵਿੱਚ ਹੋਈ ਕਥਿਤ ਪੁਲਿਸ ਫ਼ਾਇਰਿੰਗ ਵਿੱਚ ਭਗਵਾਨ ਕ੍ਰਿਸ਼ਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ।1 ਜੂਨ ਨੂੰ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਚੋਰੀ ਹੋਏ ਸਨ ਅਤੇ 12 ਅਕਤੂਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਵਰਕੇ ਮਿਲੇ ਸਨ।

ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, "ਜਾਂਚ ਏਜੰਸੀਆਂ ਨੂੰ ਸਰਕਾਰ ਵੱਲੋਂ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਸ ਜਾਂਚ ਨੂੰ ਨੇਪਰੇ ਚੜਨ ਲਈ ਮਹੀਨੇ ਨਹੀਂ ਬਲਕਿ ਦਿਨ ਹੀ ਲੱਗਣਗੇ।" "ਪਹਿਲਾਂ ਰਾਜਨੀਤੀ ਹੋਈ ਹੈ। ਹੁਣ ਗੁਰੂ ਮਹਾਰਾਜ ਮਿਹਰ ਕਰਗੇ ਅਤੇ ਇਨਸਾਫ਼ ਹੋਵੇਗਾ।"

ਉਨ੍ਹਾਂ ਨੇ ਕਿਹਾ,''ਇਹ ਮਹੀਨੇ-ਡੇਢ ਮਹੀਨੇ ਦੀ ਖੇਡ ਹੋਰ ਹੈ। ਗੁਰੂ ਮਹਿਰ ਕਰੇ ਆਪਾਂ ਸ਼ੁਕਰਨੇ ਦਾ ਸਮਾਗਮ ਕਰਾਵਾਂਗੇ ਅਤੇ ਜੇ ਨਹੀਂ ਹੁੰਦਾ ਤਾਂ ਫਿਰ ਸਰਕਾਰਾਂ ਤੋਂ ਕੀ ਕਰਵਾਉਣਾ ਹੈ।''ਇਸ ਮੌਕੇ ਬੋਲਦਿਆਂ ਵਾਰਸ ਪੰਜਾਬ ਦੇ ਪ੍ਰਧਾਨ ਅਮ੍ਰਿਤਪਾਲ ਸਿੰਘ ਨੇ ਕਿਹਾ ਕਿ ਕਿਹਾ ਕਿ-

ਬੁਰਜ ਜਵਾਹਰ ਸਿੰਘ ਵਾਲਾ ਦੇ ਮਰੂਮ ਡੇਰਾ ਪ੍ਰੇਮੀ ਗੁਰਦੇਵ ਸਿੰਘ ਦੀ ਵਿਧਵਾ ਪਤਨੀ ਨੂੰ ਤਤਕਾਲੀ ਸਰਕਾਰ ਵੱਲੋਂ ਪੰਜਾਬ ਪੁਲਿਸ ਵਿੱਚ ਸਰਕਾਰੀ ਨੌਕਰੀ ਦਿੱਤੇ ਜਾਣ ਉੱਪਰ ਇਤਰਾਜ਼ ਚੁੱਕਿਆ ਅਤੇ ਮੰਗ ਕੀਤੀ ਕਿ ਸਰਕਾਰ ਉਸ ਨੂੰ ਨੌਕਰੀ ਤੋਂ ਬਰਖਾਸਤ ਕਰੇ।ਗੁਰਦੇਵ ਸਿੰਘ ਨੂੰ ਬਾਅਦ ਵਿੱਚ ਤਿੰਨ ਜਣਿਆਂ ਵੱਲੋਂ ਮਾਰ ਦਿੱਤਾ ਗਿਆ ਸੀ। ਜਾਂਚ ਵਿੱਚ ਪਤਾ ਲੱਗਾ ਕਿ ਗੁਰਦੇਵ ਸਿੰਘ ਨੇ ਜੂਨ 2015 ਵਿੱਚ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ।ਉਨਾ ਕਿਹਾ ''1849 ਵਿੱਚ ਸੱਤਾ ਸਿੱਖਾਂ ਦੇ ਹੱਥੋਂ ਨਿਕਲੀ ਅਤੇ ਅੰਗਰੇਜ਼ਾਂ ਦੇ ਹੱਥੋਂ ਹੁੰਦੀ ਹੋਈ ਹਿੰਦੂਆਂ ਦੇ ਹੱਥ ਆਈ ਹੈ। ਅਸੀਂ 150 ਸਾਲ ਤੋਂ ਗੁਲਾਮ ਹਾਂ।ਉਨ੍ਹਾਂ ਨੇ ਕਿਹਾ,''ਸਾਨੂੰ ਮਰਨ-ਮਾਰਨ ਦਾ ਸ਼ੌਂਕ ਨਹੀਂ ਹੈ ਪਰ ਹਕੂਮਤ ਸਮਝ ਲਵੇ ਕਿ ਸਾਨੂੰ ਕਿਹੜੇ ਰਾਹ 'ਤੇ ਤੋਰਨਾ ਹੈ।

ਉਨ੍ਹਾਂ ਨੇ ਕਿਹਾ ਕਿ ਜਦੋਂ ''ਦਿੱਲੀ ਵਿੱਚ ਸਿੱਖਾਂ ਦਾ ਕਤਲੇਆਮ ਹੁੰਦਾ ਹੈ ਤੇ ਜਦੋਂ ਮਾਫ਼ੀ ਮੰਗਣ ਦੀ ਵਾਰੀ ਆਉਂਦੀ ਹੈ ਤਾਂ ਇੱਕ ਸਿੱਖ ਨੂੰ ਮੂਹਰੇ ਕਰਵਾ ਕੇ ਮਾਫ਼ੀ ਮੰਗਵਾ ਲਈ ਜਾਂਦੀ ਹੈ। ਗਾਂਧੀ ਪਰਿਵਾਰ ਮਨਮੋਹਨ ਸਿੰਘ ਤੋਂ ਮਾਫ਼ੀ ਮੰਗਵਾ ਲੈਂਦਾ ਹੈ।''

ਕ੍ਰਿਸ਼ਨ ਭਗਵਾਨ ਸਿੰਘ ਦੇ ਬੇਟੇ ਸੁਖਰਾਜ ਸਿੰਘ ਅਤੇ ਗੁਰਜੀਤ ਸਿੰਘ ਦੇ ਪਿਤਾ ਸਾਧੂ ਸਿੰਘ ਸੱਤ ਸਾਲ ਬੀਤਣ ਤੋਂ ਬਾਅਦ ਇਨਸਾਫ ਦੀ ਮੰਗ ਕਰ ਰਹੇ ਹਨ।ਗੁਰਜੀਤ ਸਿੰਘ ਦੇ ਪਿਤਾ ਸਾਧੂ ਸਿੰਘ ਨੇ ਕਿਹਾ, "ਅਸੀਂ ਬਹੁਤ ਧੱਕੇ ਖਾਂਦੇ ਹਨ। ਚੰਡੀਗੜ੍ਹ ਕੈਪਟਨ ਕੋਲ ਅਤੇ ਹਾਈ ਕੋਰਟ ਵੀ ਗਏ। ਹੁਣ ਵੀ ਹਰੇਕ ਅੱਗੇ ਮਿੰਨਤ ਤਰਲਾ ਕਰਦੇ ਹਾਂ ਕਿ ਸਾਨੂੰ ਇਨਸਾਫ਼ ਦਿਓ।"

ਉਹਨਾਂ ਅੱਗੇ ਕਿਹਾ, "ਮੈਂ ਨਵੀਂ ਸਰਕਾਰ ਨੂੰ ਵੀ ਸਮਾਂ ਦਿੰਦਾ ਹਾਂ ਪਰ ਉਹ ਇਨਸਾਫ਼ ਜਰੂਰ ਦੇਵੇ। ਸਰਕਾਰ ਜਿੰਨਾਂ ਮਰਜੀ ਸਮਾਂ ਲੈ ਲਵੇ ਪਰ ਇਨਸਾਫ਼ ਦੇਵੇ। ਮੈਨੂੰ ਕੁਲਤਾਰ ਸਿੰਘ ਸੰਧਵਾ ਤੋਂ ਉਮੀਦ ਹੈ ਕਿ ਕੁਝ ਕਰਨਗੇ। ਮੈਂ ਮੋਰਚੇ ਦੇ ਵੀ ਖਿਲਾਫ਼ ਨਹੀਂ ਹਾਂ।"2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਕੋਟਕਪੂਰਾ ਵਿਖੇ ਹੋਈ ਫਾਇਰਿੰਗ ਦੇ ਮਾਮਲੇ ਵਿੱਚ ਪੁੱਛਗਿੱਛ ਲਈ ਐਸਆਈਟੀ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਸੰਮਨ ਕੀਤਾ ਗਿਆ ਸੀ।ਇਸ ਘਟਨਾ ਸਮੇਂ ਸੁਖਬੀਰ ਸਿੰਘ ਬਾਦਲ ਸੂਬੇ ਨੇ ਉਪ ਮੁੱਖ ਮੰਤਰੀ ਤੇ ਗ੍ਰਿਹ ਮੰਤਰੀ ਸਨ।ਇਸ ਐਸਆਈਟੀ ਦੀ ਅਗਵਾਈ ਏਡੀਜੀਪੀ ਐਲ ਕੇ ਯਾਦਵ ਕਰ ਰਹੇ ਹਨ। ਇਸ ਤੋਂ ਪਹਿਲਾਂ ਸਾਬਕਾ ਡੀਜੀਪੀ ਸੁਮੇਧ ਸੈਣੀ ਤੋਂ ਵੀ ਪੁੱਛ-ਗਿੱਛ ਹੋਈ ਸੀ।

ਹੁਣ ਫੇਰ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਵਿੱਚ ਸੁਖਬੀਰ ਸਿੰਘ ਬਾਦਲ ਤੋਂ ਐੱਸਆਈਟੀ ਨੇ ਪਹਿਲਾਂ ਵੀ ਪੁੱਛਗਿੱਛ ਕੀਤੀ ਹੈ।





# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

*Good Paying Loads*



## Need Company Drivers

***Single Driver Pay 52cents/mile***
***Team Drivers 32 cents/mile***

FOR MORE INFORMATION CALL AT:

(604) 598-3680 Fax: 604-596-3681 Cell: 778-838-3680

*#121-13140-80Ave Surrey, BC V3W 3B2*

# ਬੰਦੀ ਛੋੜ ਦਿਵਸ ਕਿ ਲੱਛਮੀ ਪੂਜਾ?

**ਸਰਵਜੀਤ ਸਿੰਘ ਸੈਕਰਾਮੈਂਟੋ**

ਦੁਨੀਆਂ ਦੇ ਹੋਰ ਹਿਸਿਆ ਵਾਂਗ ਆਪਣੇ ਦੇਸ਼ ਵਿੱਚ ਵੀ ਹਜ਼ਾਰਾਂ ਸਾਲਾਂ ਤੋਂ ਵੱਖ-ਵੱਖ ਤਿਉਹਾਰ ਮਨਾਏ ਜਾਂਦੇ ਹਨ। ਜਿਨ੍ਹਾਂ ਦਾ ਸਬੰਧ ਮੌਸਮਾਂ, ਧਰਮ, ਇਤਿਹਾਸ, ਮਿਥਿਹਾਸ ਦੇ ਨਾਲ-ਨਾਲ ਜਾਤ ਪ੍ਰਥਾ ਨਾਲ ਵੀ ਹੈ। ਇਨ੍ਹਾਂ ਤਿਉਹਾਰਾਂ ਦਾ ਆਰੰਭ ਮੌਸਮ ਦੀ ਤਬਦੀਲੀ, ਮਨੋਰੰਜਨ ਅਤੇ ਖੁਸ਼ੀ ਲਈ ਜਾਂ ਕੁਦਰਤੀ ਆਫਤਾਂ ਦੀ ਕਰੋਪੀ ਤੋਂ ਬਚਣ ਲਈ ਪੂਜਾ ਦੇ ਰੂਪ ਵਿੱਚ ਹੀ ਹੋਇਆ ਹੋਵੇਗਾ। ਉਸ ਵੇਲੇ ਦੇ ਮੁਖੀਆਂ ਵੱਲੋਂ ਵੱਖ-ਵੱਖ ਤਿਉਹਾਰਾਂ ਨੂੰ ਮਨਾਉਣ ਲਈ ਵੱਖ-ਵੱਖ ਰੀਤੀ-ਰਿਵਾਜਾਂ ਅਤੇ ਮਰਯਾਦਾ ਵੀ ਆਰੰਭੀ ਗਈ। ਗਈ। ਸਮੇਂ-ਸਮੇਂ ਇਨ੍ਹਾਂ ਦਿਨਾਂ ਨਾਲ ਹੋਰ ਘਟਨਾਵਾਂ ਵੀ ਜੁੜਦੀਆਂ ਗਈ ਅਤੇ ਤਿਉਹਾਰ ਅਤੇ ਰੀਤੀ ਰਿਵਾਜਾਂ ਦਾ ਵਿਕਾਸ ਹੁੰਦਾ ਗਿਆ। ਪੁਜਾਰੀ ਕਿਸਮ ਦੇ ਲੋਕਾਂ ਵੱਲੋਂ ਸਧਾਰਨ ਲੋਕਾਂ ਦੀ ਅਗਿਆਨਤਾ ਦਾ ਫਾਇਦਾ ਉਠਾਉਣ ਖਾਤਰ ਇਨ੍ਹਾਂ ਤਿਉਹਾਰਾਂ ਨੂੰ ਪੂਰੀ ਤਰ੍ਹਾਂ ਧਾਰਮਿਕ ਪਾਣ ਚਾੜ ਦਿੱਤੀ। ਮੌਜੂਦਾ ਸਮੇਂ ਵਿੱਚ ਵੀ ਸਰਕਾਰਾਂ ਵੱਲੋਂ ਵੱਖ-ਵੱਖ ਤਿਉਹਾਰਾਂ ਵਾਲੇ ਦਿਨਾਂ ਵਿੱਚ ਛੁੱਟੀਆਂ ਦਾ ਐਲਾਨ ਕਰਕੇ, ਤਿਉਹਾਰਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ।

ਇਨ੍ਹਾਂ ਤਿਉਹਾਰਾਂ ਵਿੱਚੋਂ ਇਕ ਹੈ, ਦੀਵਾਲੀ ਦਾ ਤਿਉਹਾਰ। ਜਿਸ ਬਾਰੇ ਆਮ ਧਾਰਨਾ ਹੈ ਕਿ ਅਯੁੱਧਿਆ ਦੇ ਰਾਜੇ ਦਸ਼ਰਥ ਦਾ ਪੁੱਤਰ ਰਾਮ, ਘਰੇਲੂ ਕਾਰਨਾਂ ਕਾਰਨ ਮਿਲੇ 14 ਸਾਲ ਦੇ ਬਨਵਾਸ ਨੂੰ ਪੂਰਾ ਕਰਨ ਉਪਰੰਤ, ਕੱਤਕ ਦੀ ਮੱਸਿਆ ਵਾਲੇ ਦਿਨ (ਸਾਲ ਬਾਰੇ ਕੋਈ ਜਾਣਕਾਰੀ ਨਹੀਂ ਹੈ) ਆਪਣੇ ਪ੍ਰਵਾਰ ਸਮੇਤ ਅਯੁੱਧਿਆ ਵਿਚ ਵਾਪਸ ਆਇਆ ਸੀ। ਆਪਣੇ ਰਾਜੇ ਦੇ ਵਾਪਸ ਆਉਣ ਦੀ ਖੁਸ਼ੀ ਵਿੱਚ, ਅਯੁੱਧਿਆ ਨਗਰੀ ਦੇ ਵਾਸੀਆਂ ਨੇ ਦੀਵੇ ਬਾਲ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਸੀ। ਪਰ ਇਸ ਤਿਉਹਾਰ ਦਾ ਸਭ ਤੋਂ ਵੱਧ ਮਹੱਤਵ ਸਮੁੰਦਰ ਮੰਥਨ ਤੋਂ ਪੈਦਾ ਹੋਈ ਵਿਸ਼ਨੂੰ ਦੀ ਪਤਨੀ, ਧਨ-ਦੌਲਤ, ਖੁਸ਼ਹਾਲੀ ਅਤੇ ਕਿਸਮਤ ਦੀ ਪ੍ਰਤੀਕ, “ਸ਼੍ਰੀ ਮਹਾ ਲਛਮੀ” ਦੀ ਪੂਜਾ ਕਰਨਾ ਹੈ। ਇਕ ਵਸੀਲੇ ਤੋਂ ਮਿਲੀ ਜਾਣਕਾਰੀ ਮੁਤਾਬਕ ਦੀਵਾਲੀ, “ਕਾਰਤਿਕ ਕੀ ਅਮਾਵਸ ਕੋ ਪੜਨੇ ਵਾਲਾ ਹਿੰਦੂਓ ਕਾ ਏਕ ਤਿਉਹਾਰ ਜਿਸ ਮੇਂ ਲਕਛਮੀ ਪੂਜਨ ਹੋਤਾ ਹੈ”।

ਸਿੱਖ ਇਤਿਹਾਸ ਦੇ ਮੁਤਾਬਕ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਮੌਕੇ ਦੀ ਮੁਗਲ ਹਕੂਮਤ ਵੱਲੋਂ, ਕੁਝ ਸਮੇ ਲਈ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰ ਦਿੱਤਾ ਗਿਆ ਸੀ। ਇਸ ਕੈਦ ਦੇ ਸਮੇਂ ਸਬੰਧੀ ਵਿਦਵਾਨਾਂ ਵਿੱਚ ਕਾਫੀ ਮੱਤ ਭੇਦ ਹਨ। ਗੁਰੂ ਜੀ ਦੀ ਰਿਹਾਈ ਬਾਰੇ ਕਿਹਾਂ ਜਾਂਦਾ ਹੈ ਕਿ ਦੀਵਾਲੀ ਵਾਲੇ ਦਿਨ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ ਸੀ ਅਤੇ ਗੁਰੂ ਜੀ ਨੇ 52 ਪਹਾੜੀ ਰਾਜਿਆਂ ਨੂੰ ਵੀ, ਜੋ ਉਸੇ ਕਿਲੇ ਵਿੱਚ ਕੈਂਦ ਸਨ, ਆਪਣੇ ਨਾਲ ਹੀ ਰਿਹਾ ਕਰਵਾਇਆ ਸੀ। ਇਸ ਕਾਰਨ ਹੀ ਗੁਰੂ ਜੀ ਨੂੰ ‘ਦਾਤਾ ਬੰਦੀ ਛੋੜ’ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਦੂਜੀ ਧਾਰਨਾ ਇਹ ਹੈ ਕਿ ਰਿਹਾਈ ਤੋਂ ਪਿਛੋਂ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਗੁਰੂ ਸਾਹਿਬ ਜੀ ਦੇ ਆਉਣ ਦੀ ਖੁਸ਼ੀ ਵਿੱਚ ਸੰਗਤਾਂ ਨੇ ਘਿਓ ਦੇ ਦੀਵੇ ਜਗਾਏ ਸਨ। ਸਿੱਖ ਇਤਹਾਸ ਦੀਆਂ ਕਈ ਹੋਰ ਤਾਰੀਖਾਂ ਵਾਗੂੰ, ਗੁਰੂ ਸਾਹਿਬ ਜੀ ਦੇ ਗਵਾਲੀਅਰ ਦੇ ਕਿਲੇ ਵਿੱਚੋਂ ਰਿਹਾਈ ਦੀ ਤਾਰੀਖ ਬਾਰੇ ਵੀ ਮੱਤ ਭੇਦ ਹਨ। ਸਵਾਲ ਪੈਦਾ ਹੁੰਦਾ ਹੈ ਕਿ ਦੀਵਾਲੀ ਵਾਲੇ ਦਿਨ ਕਿਲੇ ਵਿੱਚੋਂ ਰਿਹਾ ਹੋਏ ਸਨ ਜਾਂ ਦੀਵਾਲੀ ਵਾਲੇ ਦਿਨ ਗੁਰੂ ਸਾਹਿਬ ਜੀ ਅੰਮ੍ਰਿਤਸਾਰ ਸਾਹਿਬ ਵਿਖੇ ਪੁੱਜੇ ਸਨ? ਪਰ ਇਹ ਸਵਾਲ, ਸਾਡਾ ਅੱਜ ਦਾ ਵਿਸ਼ਾ ਨਹੀਂ ਹੈ।




ਸਦੀਆਂ ਪੁਰਾਣਾ ਤਿਉਹਾਰ ਹੋਣ ਕਾਰਨ, ਦੀਵਾਲੀ ਦੀ ਤਾਰੀਖ ਹਰ ਕਿਸੇ ਨੂੰ ਯਾਦ ਹੈ ਕਿ ਇਹ ਚੰਦ ਦੇ ਕੈਲੰਡਰ ਮੁਤਾਬਕ, ਕੱਤਕ ਦੀ ਮੱਸਿਆ ਨੂੰ ਮਨਾਈ ਜਾਂਦੀ ਹੈ। ਇਸ ਸਾਲ ਕੱਤਕ ਦੀ ਮੱਸਿਆ, 25 ਅਕਤੂਬਰ ਦਿਨ ਮੰਗਲਵਾਰ ਨੂੰ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ ਕੈਲੰਡਰ ਵਿੱਚ ਵੀ ਮੱਸਿਆ 9 ਕੱਤਕ (25 ਅਕਤੂਬਰ) ਦਿਨ ਮੰਗਲਵਾਰ ਦੀ ਹੀ ਦਰਜ ਹੈ। ਪਰ ਇਸ ਕੈਲੰਡਰ ਵਿੱਚ ਬੰਦੀ ਛੋੜ ਦਿਵਸ 8 ਕੱਤਕ/24 ਅਕਤੂਬਰ ਦਾ ਦਰਜ ਹੈ। ਅਜੇਹਾ ਕਿਓ?

ਬਿਕ੍ਰਮੀ ਕੈਲੰਡਰ ਮੁਤਾਬਕ ਦਿਨ ਦਾ ਆਰੰਭ ਸਵੇਰੇ ਸੂਰਜ ਚੜਨ ਵੇਲੇ ਤੋਂ ਮੰਨਿਆ ਜਾਂਦਾ ਹੈ। 24 ਅਕਤੂਬਰ ਨੂੰ ਸਵੇਰੇ ਸੂਰਜ 6:40 ਤੇ ਚੜੇਗਾ। ਉਸ ਵੇਲੇ ਚੰਦ ਦੀ ਤਿੱਥ, ਕੱਤਕ ਵਦੀ ਚੌਦਸ ਹੈ। ਇਸ ਲਈ 24 ਅਕਤੂਬਰ ਨੂੰ ਕੱਤਕ ਦੀ ਚੌਦਸ ਮੰਨੀ ਜਾਵੇਗੀ। ਕੱਤਕ ਦੀ ਚੌਦਸ 24 ਤਾਰੀਖ ਸ਼ਾਮ ਨੂੰ 5:27 ਤੇ ਖਤਮ ਹੋਵੇਗੀ ਅਤੇ ਮੱਸਿਆ ਦਾ ਆਰੰਭ ਹੋਵੇਗਾ ਜੋ ਅਗਲੇ ਦਿਨ ਸ਼ਾਮ ਨੂੰ 4:18 ਤੇ ਖਤਮ ਹੋਵੇਗੀ। 25 ਅਕਤੂਬਰ ਨੂੰ ਸਵੇਰੇ ਸੂਰਜ ਚੜਨ ਵੇਲੇ ਕੱਤਕ ਦੀ ਮੱਸਿਆ ਹੋਵੇਗੀ। ਇਸ ਲਈ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਸਮੇਤ ਕੋਈ ਵੀ ਜੰਤਰੀ ਵੇਖ ਲਓ, ਕੱਤਕ ਦੀ ਮੱਸਿਆ 9 ਕੱਤਕ (25 ਅਕਤੂਬਰ) ਦਿਨ ਮੰਗਲ ਵਾਰ ਨੂੰ ਹੀ ਦਰਜ ਹੈ। ਕੱਤਕ ਵਦੀ 15 (ਮੱਸਿਆ) ਦਾ ਆਰੰਭ 24 ਅਕਤੂਬਰ ਦਿਨ ਸੋਮਵਾਰ ਨੂੰ ਸਾਮ 5:27 ਤੇ ਹੋਵੇਗਾ ਅਤੇ ਇਹ ਮੰਗਲਵਾਰ ਨੂੰ ਸ਼ਾਮ ਨੂੰ 4:18 ਤੇ ਖਤਮ ਹੋਵੇਗੀ। ਜਿਨ੍ਹਾਂ ਨੇ “ਸ਼੍ਰੀ ਮਹਾ ਲਛਮੀ ਪੂਜਾ” ਕਰਨੀ ਹੈ, ਉਨ੍ਹਾਂ ਦੀ ਸਮੱਸਿਆ ਇਹ ਹੈ ਕਿ ਲਛਮੀ ਪੂਜਾ ਦੇ ਸ਼ੁਭ ਮਹੂਰਤ ਦਾ ਸਮਾਂ, ਸ਼ਾਮ 6:57 ਤੋਂ 8:23 ਹੈ। ਮੱਸਿਆ ਦੀ ਤਿੱਥ ਮੰਗਲਵਾਰ ਸ਼ਾਮ ਨੂੰ 4:18 ਤੇ ਖਤਮ ਹੋ ਜਾਣੀ ਹੈ, ਅਤੇ ਕੱਤਕ ਸੁਦੀ ਏਕਮ ਆਰੰਭ ਹੋ ਜਾਣੀ ਹੈ। “ਸ਼੍ਰੀ ਮਹਾ ਲਛਮੀ ਪੂਜਾ” ਲਈ ਮੱਸਿਆ ਦਿ ਤਿੱਥ ਦਾ ਹੋਣਾ ਜਰੂਰੀ ਹੈ। ਇਸ ਲਈ ਜਿਨ੍ਹਾਂ ਦਾ ਤਿਉਹਾਰ ਹੈ, ਉਨ੍ਹਾਂ ਦੇ ਵਿਦਵਾਨਾਂ ਨੇ ਫੈਸਲਾ ਕੀਤਾ ਕਿ “ਸ਼੍ਰੀ ਮਹਾ ਲਛਮੀ ਪੂਜਾ” ਸੋਮਵਾਰ ਨੂੰ ਕੱਤਕ ਵਦੀ ਪੰਦਰਾਂ ਦੇ ਆਰੰਭ ਵੇਲੇ ਭਾਵ 24 ਅਕਤੂਬਰ ਦੀ ਸ਼ਾਮ ਨੂੰ ਹੀ ਕਰ ਲਈ ਜਾਵੇ। ਇਹ ਕਾਰਨ ਹੈ ਕਿ ਇਸ ਸਾਲ ਦੀਵਾਲੀ ਕੱਤਕ ਦੀ ਮੱਸਿਆ ਤੋਂ ਇਕ ਦਿਨ ਪਹਿਲਾ ਭਾਵ ਕੱਤਕ ਦੀ ਚੌਦਸ ਨੂੰ ਮਨਾਈ ਜਾ ਰਹੀ ਹੈ।ਹੁਣ ਸਵਾਲ ਪੈਦਾ ਹੁੰਦਾ ਹੈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਉਨ੍ਹਾਂ ਨੇ ਬੰਦੀ ਛੋੜ ਦਿਹਾੜਾ ਵੀ ਕੱਤਕ ਦੀ ਚੌਦਸ ਨੂੰ ਹੀ ਮਨਾਉਣਾ ਦਾ ਫੈਸਲਾ ਕੀਤਾ ਹੈ? ਸ਼੍ਰੋਮਣੀ ਕਮੇਟੀ ਨੇ ਤਾਂ ਆਖੰਡ ਪਾਠ ਦੇ ਭੋਗ ਉਪ੍ਰੰਤ ਦੁਪਹਿਰ ਵੇਲੇ ਅਰਦਾਸ ਕਰਨੀ ਹੈ। 9 ਕੱਤਕ ਦਿਨ ਮੰਗਲਵਾਰ ਦਾ ਸਾਰਾ ਦਿਨ ਹੀ ਕੱਤਕ ਵਦੀ ਪੰਦਰਾਂ (ਮੱਸਿਆ) ਹੈ। ਮੱਸਿਆ ਦੀ ਤਿੱਥ ਮੰਗਲਵਾਰ ਸ਼ਾਮ ਨੂੰ 4:18 ਤੱਕ ਰਹਿਣੀ ਹੈ। ਇਸ ਹਿਸਾਬ ਨਾਲ ਵੀ, ਸ਼੍ਰੋਮਣੀ ਕਮੇਟੀ ਨੂੰ ਬੰਦੀ ਛੋੜ ਦਿਵਸ ਮੰਗਲਵਾਰ ਨੂੰ ਹੀ ਮਨਾਉਣਾ ਚਾਹੀਦਾ ਹੈ। 8 ਕੱਤਕ ਦਿਨ ਸੋਮਵਾਰ ਨੂੰ ਸਾਮ ਦੇ 5:27 ਤੀਕ ਕੱਤਕ ਵਦੀ ਚੌਦਸ ਹੀ ਰਹਿਣੀ ਹੈ। 5:27 ਸ਼ਾਮ ਨੂੰ ਮੱਸਿਆ ਦੀ ਤਿੱਥ ਆਰੰਭ ਹੋਣੀ ਹੈ। ਜਿਨ੍ਹਾਂ ਨੇ ਲਛਮੀ ਦੀ ਪੂਜਾ ਕਰਨੀ ਹੈ ਉਨ੍ਹਾਂ ਨੇ ਤਾਂ ਮੱਸਿਆ ਦੀ ਤਿੱਥ ਵਿੱਚ ਹੀ ਪੂਜਾ ਕਰਨੀ ਹੈ।

ਸ਼੍ਰੋਮਣੀ ਕਮੇਟੀ ਕਿਸ ਖੁਸ਼ੀ ਵਿਚ ਬੰਦੀ ਛੋੜ ਦਿਹਾੜਾ ਕੱਤਕ ਵਦੀ ਚੌਦਸ ਨੂੰ ਮਨਾ ਰਹੀ ਹੈ? ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਜੇਹਾ ਤਾਂ ਕਰਦੀ ਜੇ ਸਿੱਖ ਇਤਹਾਸ ਮੁਤਾਬਕ ਬੰਦੀ ਛੋੜ ਦਿਵਸ ਮਨਾਉਣਾ ਹੁੰਦਾ। ਅਸਲ ਵਿੱਚ ਤਾਂ ਸ਼੍ਰੋਮਣੀ ਕਮੇਟੀ ਨੇ ਬੰਦੀ ਛੋੜ ਦਿਵਸ ਦੇ ਪਰਦੇ ਹੇਠ ਵਿਸ਼ਨੂੰ ਦੀ ਪਤਨੀ, ਧਨ-ਦੌਲਤ ਦੀ ਪ੍ਰਤੀਕ ਕਾਲਪਨਿਕ ਦੇਵੀ ‘ਲਛਮੀ’ ਦੀ ਪੂਜਾ ਹੀ ਕਰਨੀ ਹੈ। ਇਹ ਹੀ ਕਾਰਨ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ, “ਸ਼੍ਰੀ ਮਹਾ ਲਛਮੀ ਪੂਜਾ” ਦੇ ਮਹੂਰਤ ਮੁਤਾਬਕ, ਮੱਸਿਆ ਤੋਂ ਇਕ ਦਿਨ ਪਹਿਲਾ ਬੰਦੀ ਛੋੜ ਦਿਵਸ ਮਨਾਇਆ ਜਾ ਰਿਹਾ ਹੈ।









# ਜੰਮੂ-ਕਸ਼ਮੀਰ ਜਾ ਰਹੇ ਸਿਮਰਨਜੀਤ ਸਿੰਘ ਮਾਨ ਨੂੰ ਲਖਨਪੁਰ ਬਾਰਡਰ ’ਤੇ ਰੋਕਿਆ

ਪਠਾਨਕੋਟ:ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਸੰਸਦ ਮੈਂਬਰ ਸਿਮਰਨਜੀਤ ਮਾਨ ਨੂੰ ਲਖਨਪੁਰ ਬਾਰਡਰ ’ਤੇ ਜੰਮੂ-ਕਸ਼ਮੀਰ ਜਾਣ ਤੋਂ ਕਠੂਆ ਪੁਲਿਸ ਨੇ ਰੋਕ ਲਿਆ ਹੈ।ਇਸ ਦੌਰਾਨ ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ’ਚ ਅਸੈਂਬਲੀ ਭੰਗ ਕਰਕੇ ਫ਼ੌਜ ਲਾ ਕੇ ਉਹਨਾਂ ਨੂੰ ਅਫਸਪਾ ਦੇ ਹੱਕ ਦਿੱਤੇ ਹੋਏ ਹਨ। ਇਸ ’ਤੇ ਹਾਈਕੋਰਟ ਤੇ ਸੁਪਰੀਮ ਕੋਰਟ ਕੋਈ ਐਕਸ਼ਨ ਨਹੀਂ ਲੈ ਰਹੇ।ਸੰਸਦ ਮੈਂਬਰ ਸਿਮਰਨਜੀਤ ਮਾਨ ਨੇ ਕਿਹਾ ਕਿ ਉੱਥੇ ਮੁਸਲਮਾਨਾਂ ਤੇ ਬ੍ਰਹਮਣਾ ਨੂੰ ਮਾਰਿਆ ਜਾ ਰਿਹਾ ਹੈ ਤੇ ਮੈਂ ਉਥੇ ਜਾ ਕੇ ਸਿੱਖਾਂ ਦੀ ਹਾਲਤ ਦੇਖਣਾ ਚਾਹੁੰਦਾ ਹਾਂ ਕਿ ਉਥੇ ਸਿੱਖ ਸੁਰੱਖਿਅਤ ਹਨ ਜਾਂ ਨਹੀਂ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਇਕ ਸਟੇਟ ਹੈ, ਤੁਸੀਂ ਇਹ ਨਹੀਂ ਕਹਿ ਸਕਦੇ ਕਿ ਤੁਸੀਂ ਲੁਧਿਆਣਾ ਜਾਣਾ ਜਾਂ ਚੰਡੀਗੜ੍ਹ ਜਾਣਾ। ਉਨ੍ਹਾਂ ਕਿਹਾ ਕਿ ਜੇ ਮੈਂ ਪੰਜਾਬ ’ਚ ਹਾਂ ਤਾਂ ਜਿਥੇ ਮਰਜ਼ੀ ਚਲਾ ਜਾਵਾਂ।


The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC



*MORTGAGES FOR UPTO 50 MILLION
IS AVAILABLE FOR LARGE PROJECTS
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
Mortgage Plus Professional Mortgage Consultants
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC
Yes, Private Mortgages Start from 8.25% for a limited time*
Foreclosure?, we can help.
QUICK & EASY APPROVALS






Punjab TRAVELS

ਜੀਵਨ ਸਿੰਘ ਮੋਗਾ
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।
▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ — Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
ਤੇਜ਼ ਸਿਰ ਦਰਦ ਅਤੇ ਮਾਈਗ੍ਰੇਨ ਹੋਣ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ ਜਿਵੇਂ, ਜਿਗਰ ਅਤੇ ਪਿੱਤੇ ਵਿੱਚ ਕੋਈ ਖ਼ਰਾਬੀ, ਪੇਟ ਵਿੱਚ ਗੈਸ, ਕਬਜ਼, ਗਰਦਨ ਦੇ ਹਿੱਸੇ (ਸਰਵਾਈਕਲ ਵਰਟੀਬਰਾ) ਵਿੱਚ ਕੋਈ ਵਿਗਾੜ, ਹਾਈ ਬਲੱਡ ਪ੍ਰੈਸ਼ਰ, ਪੁਰਾਣਾ ਨਜ਼ਲਾ-ਜ਼ੁਖ਼ਾਮ, ਕੰਨ ਜਾਂ ਦੰਦ ਦਾ ਦਰਦ, ਸਰੀਰ ਦੀ ਨਸਾਂ ਵਿੱਚ ਖਿਚਾਅ, ਸਿਰ ਵਿੱਚ ਸੱਟ ਲੱਗਣ ਜਾਂ ਟਿਊਮਰ ਹੋਣ, ਤਿੱਲੀ ਦੇ ਵਧਣ, ਮਾਨਸਿਕ ਅਸ਼ਾਂਤੀ, ਮੌਸਮ ਦੇ ਪ੍ਰਭਾਵ, ਜ਼ਿਆਦਾ ਗਰਮੀ ਜਾਂ ਜ਼ਿਆਦਾ ਹਵਾ ਲੱਗਣ, ਠੰਢ ਤੋਂ ਜਲਦੀ ਨਾਲ ਗਰਮ ਕਮਰੇ ਵਿੱਚ ਆਉਣ ਜਾਂ ਇਸ ਤੋਂ ਉਲਟ ਦਿਮਾਗੀ ਕੰਮ ਜ਼ਿਆਦਾ ਕਰਨ, ਅੱਖਾਂ ’ਤੇ ਜ਼ਿਆਦਾ ਜ਼ੋਰ ਪੈਣ, ਵਧੇਰੇ ਸੋਚ-ਵਿਚਾਰ, ਉਨਿੰਦਰਾ ਅਤੇ ਲਗਾਤਾਰ ਚਿੰਤਾ ਵਿੱਚ ਡੁੱਬੇ ਰਹਿਣ, ਜ਼ਿਆਦਾ ਕਸਰਤ ਅਤੇ ਜ਼ਿਆਦਾ ਮਿਹਨਤ ਕਰਨ ਅਤੇ ਜ਼ਿਆਦਾ ਯਾਤਰਾ ਕਰਨ ਨਾਲ ਆਦਿ। ਪੁਰਸ਼ਾ ਦੇ ਮੁਕਾਬਲੇ ਇਹ ਰੋਗ ਔਰਤਾਂ ਵਿੱਚ ਜ਼ਿਆਦਾ ਦੇਖਿਆ ਗਿਆ ਹੈ। ਔਰਤਾਂ ਵਿੱਚ ਸ਼ਾਇਦ ਇਹ ਹਾਰਮੋਨਜ਼ ਦੀ ਅਸਮਾਨਤਾ ਜਾਂ ਜਣਨ ਅੰਗਾਂ ਵਿੱਚ ਕਿਸੇ ਵਿਗਾੜ, ਮਿਰਗੀ, ਹਿਸਟੀਰੀਆ ਅਤੇ ਪਿਸ਼ਾਬ ਸੰਬੰਧੀ ਕਿਸੇ ਰੋਗ ਦੇ ਕਾਰਨ ਹੋ ਸਕਦਾ ਹੈ। ਕਈ ਔਰਤਾਂ ਨੂੰ ਮਾਸਕ-ਧਰਮ ਸ਼ੁਰੂ ਹੋਣ ਤੋਂ ਪਹਿਲਾਂ ਜਾਂ ਰਜੋ-ਨਿਵਰਿਤੀ (ਮੀਨੋਪਾਜ਼) ਦੀ ਅਵਸਥਾ ਵਿੱਚ ਤੇਜ਼ ਦਰਦ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕਈ ਲੋਕਾਂ ਨੂੰ ਕੁਝ ਖ਼ਾਸ ਚੀਜ਼ਾਂ ਖਾਣ ਜਾਂ ਪੀਣ ਨਾਲ ਮਾਈਗ੍ਰੇਨ ਹੋ ਜਾਂਦਾ ਹੈ, ਜਿਵੇਂ ਕਿ ਸ਼ਰਾਬ, ਬੀਅਰ, ਬੋਤਲਬੰਦ ਠੰਢੇ ਪਦਾਰਥ, ਕੌਫ਼ੀ, ਪਨੀਰ, ਖੋਇਆ, ਕੇਲਾ, ਆਲੂ-ਬੁਖ਼ਾਰਾ, ਮਾਸ ਅਤੇ ਕਈ ਕੈਮੀਕਲ ਦਵਾਈਆਂ। ਕਈ ਔਰਤਾਂ ਨੂੰ ਗਰਭ-ਨਿਰੋਧਕ ਗੋਲੀਆਂ ਖਾਣ ਅਤੇ ਸਰੀਰਕ ਸ਼ਕਤੀ ਤੋਂ ਵੱਧ ਕੰਮ ਕਰਨ ਨਾਲ ਵੀ ਤੇਜ਼ ਸਿਰ ਦਰਦ ਹੋ ਜਾਂਦਾ ਹੈ। ਸਿਰ ਦਰਦ ਅਤੇ ਮਾਈਗ੍ਰੇਨ ਦੇ ਰੋਗੀ ਨੂੰ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਸਿਰ ਦੀਆਂ ਨਸਾਂ ਠੱਪ-ਠੱਪ ਧੜਕ ਰਹੀਆਂ ਹੋਣ ਅਤੇ ਅੱਧੇ ਜਾਂ ਪੂਰੇ ਸਿਰ ਵਿੱਚ ਕਾਫ਼ੀ ਦਰਦ ਹੋਵੇ। ਕਈ ਰੋਗੀਆਂ ਨੂੰ ਰੋਗ ਵਧ ਜਾਣ ਦੀ ਹਾਲਤ ਵਿੱਚ ਅੱਖਾਂ ਅੱਗੇ ਹਨੇਰਾ ਆ ਜਾਂਦਾ ਹੈ, ਦਿਲ ਘਬਰਾਉਂਦਾ ਹੈ ਅਤੇ ਵਾਰਵਾਰ ਦਿਲ ਕੱਚਾ ਹੁੰਦਿਆਂ ਹੋਇਆਂ ਦਿਲ ਪੱਟ ਹੁੰਦਾ ਹੈ ਅਤੇ ਉਲਟੀ ਆਉਣ ਨੂੰ ਕਰਦੀ ਹੈ ਜਾਂ ਆ ਵੀ ਜਾਂਦੀ ਹੈ। ਕੋਈ ਵੀ ਆਵਾਜ਼, ਸੰਗੀਤ ਬੁਰਾ ਲੱਗਦਾ ਹੈ। ਕਿਸੇ ਨਾਲ ਗੱਲਬਾਤ ਕਰਨ ਜਾਂ ਕੋਈ ਵੀ ਕੰਮ ਕਰਨ ਨੂੰ ਮਨ ਨਹੀਂ ਕਰਦਾ। ਕਈਆਂ ਨੂੰ ਇਸ ਦਰਦ ਦੀ ਅਵਦਥਾ ਦੇ ਚਲਦਿਆਂ ਬਾਹਰ ਦੀ ਰੌਸ਼ਨੀ ਜਾਂ ਘਰ ਦੇ ਅੰਦਰ ਦੀ ਰੌਸ਼ਨੀ ਬਿਲਕੁਲ ਵੀ ਨਹੀਂ ਸੁਖਾਉਂਦੀ ਅਤੇ ਉਹ ਪਰਦੇ ਅਤੇ ਦਰਵਾਜ਼ੇ ਬੰਦ ਕਰਕੇ ਅਤੇ ਬੱਤੀ ਬੁਝਾ ਕੇ ਆਰਾਮ ਨਾਲ ਲੇਟਣਾ ਪੰਸਦ ਕਰਦੇ ਹਨ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਦੀ ਸਹਾਇਤਾ ਲੈਣ ਵਾਸਤੇ ਜਦੋਂ ਮਰੀਜ਼ ਸਾਡੀ ਕਲੀਨਿਕ ਵਿਖੇ ਆਉਂਦਾ ਹੈ ਤਾਂ ਉਪਰੋਕਤ ਦਿੱਤੇ ਸਾਰੇ ਕਾਰਨਾਂ ਦੀ ਪੀੜਤ ਵਿਅਕਤੀ ਤੋਂ ਗਹਿਰਾਈ ਵਿੱਚ ਘੋਖ ਕੀਤੀ ਜਾਂਦੀ ਹੈ। ਉਪਰੋਕਤ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਕਾਰਨਾਂ ਨੂੰ ਜਾਂ ਇਨ੍ਹਾਂ ਤੋਂ ਇਲਾਵਾ ਹੋਰ ਕਾਰਨਾਂ ਦੀ ਪਛਾਣ ਕਰਨ ਦੇ ਨਾਲ-ਨਾਲ ਪੀੜਤ ਵਿਅਕਤੀ ਦੀ ਸਿਰ ਦਰਦ ਦੇ ਦੌਰਾਨ ਮਨੋਦਸ਼ਾ ਅਤੇ ਉਸ ਦੀ ਪਸੰਦ ਅਤੇ ਨਾ-ਪਸੰਦ ਅਤੇ ਆਲੇ-ਦੁਆਲ਼ੇ ਦੀ ਚਾਹਤ ਮੁਤਾਬਕ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਕੁਝ ਕੇਸ ਅਜਿਹੇ ਹੁੰਦੇ ਹਨ ਜਿਨ੍ਹਾਂ ਵਿੱਚ ਸਿਰ ਦਰਦ ਕਿਸੇ ਪੁਰਾਣੀ ਸੱਟ ਜਾਂ ਐਕਸੀਡੈਂਟ ਜਾਂ ਕਿਸੇ ਉਚਾਈ ਤੋਂ ਡਿਗਣ ਦੇ ਕਾਰਨ ਹੋਇਆ ਹੁੰਦਾ ਹੈ ਤਾਂ ਹੋਮਿਓਪੈਥੀ ਇਲਾਜ ਪ੍ਰਣਾਲੀ ਵਿੱਚ ਇਨ੍ਹਾਂ ਕਾਰਨਾਂ ਦੀ ਤਸਦੀਕਸ਼ੁਦਾ ਦਵਾਈਆਂ ਉਪਲਬਧ ਹੁੰਦੀਆਂ ਹਨ। ਪੀੜਤ ਵਿਅਕਤੀ ਦੇ ਆਮ ਜੀਵਨ ਅਤੇ ਜੀਵਨ ਦੀ ਕਾਰਜ ਸ਼ੈਲੀ ਉੱਤੇ ਮਾਈਗ੍ਰੇਨ ਦੀ ਦਰਦ ਦਾ ਕੀ ਪ੍ਰਭਾਵ ਪੈਂਦਾ ਹੈ, ਇਸ ਦੀ ਡੂੰਘਾਈ ਨਾਲ ਘੋਖ ਪੜਤਾਲ ਕਰਨ ਉਪਰੰਤ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579








## 28 ਨਵੰਬਰ ਨੂੰ ਸ਼ੁਰੂ ਹੋਵੇਗੀ ਕਾਰਵਾਈ

# ਜੱਗੀ ਜੌਹਲ ਕੇਸ: 5 ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ ਵੀ ਨਹੀਂ ਸ਼ੁਰੂ ਹੋਇਆ ਕੇਸ

ਸਕਾਟਲੈਂਡ:-”ਮੈਂ ਪਹਿਲੇ ਦਿਨੋਂ ਹੀ ਕਹਿ ਰਿਹਾ ਹਾਂ ਕਿ ਮੇਰਾ ਭਰਾ ਬੇਕਸੂਰ ਹੈ। ਜਗਤਾਰ ਨੂੰ ਇਹ ਜਾਣਨ ਵਿੱਚ 1,807 ਦਿਨ ਲੱਗ ਗਏ ਹਨ ਕਿ ਉਸ ‘ਤੇ ਕਿਹੜੇ ਇਲਜ਼ਾਮ ਹਨ। ਅੱਜ ਉਸ ਨੇ ਕਿਹਾ ਕਿ ਉਹ ਦੋਸ਼ੀ ਨਹੀਂ ਹੈ।“

ਇਹ ਸ਼ਬਦ ਭਾਰਤ ‘ਚ ਕਰੀਬ ਪੰਜ ਸਾਲਾਂ ਤੋਂ ਬਿਨਾਂ ਟਰਾਇਲ ਜੇਲ੍ਹ ਵਿਚ ਬੰਦ ਸਕਾਟਲੈਂਡ ਵਾਸੀ ਜਗਤਾਰ ਸਿੰਘ ਜੌਹਲ ਦੇ ਭਰਾ ਗੁਰਪ੍ਰੀਤ ਨੇ ਬੀਬੀਸੀ ਸਕਾਟਲੈਂਡ ਨੂੰ ਸ਼ਨੀਵਾਰ ਦੀ ਅਦਾਲਤੀ ਕਾਰਵਾਈ ਤੋਂ ਬਾਅਦ ਕਹੇ।35 ਸਾਲਾ ਜਗਤਾਰ ਸਿੰਘ ਜੌਹਲ ਭਾਰਤ ਵਿੱਚ ਕਤਲ ਦੀ ਸਾਜ਼ਿਸ਼ ਅਤੇ ਦਹਿਸ਼ਤਗਰਦੀ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਹਨ।ਬ੍ਰਿਟੇਨ ਦੇ ਕਈ ਪ੍ਰਧਾਨ ਮੰਤਰੀਆਂ ਨੇ ਡੰਬਰਟਨ ਸ਼ਹਿਰ ਦੇ ਵਾਸੀ ਜੌਹਲ ਦਾ ਮਾਮਲਾ ਭਾਰਤ ਸਰਕਾਰ ਕੋਲ ਉਠਾਇਆ ਹੈ।ਹਾਲਾਂਕਿ ਭਾਰਤ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਸ ਨੂੰ ਤਸੀਹੇ ਦਿੱਤੇ ਗਏ ਸਨ ਜਾਂ ਬਦਸਲੂਕੀ ਕੀਤੀ ਗਈ ਸੀ।ਭਾਰਤ ਸਰਕਾਰ ਕਹਿੰਦੀ ਰਹੀ ਹੈ ਕਿ ਮਾਮਲੇ ਵਿੱਚ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਕੀਤਾ ਗਿਆ ਹੈ।ਜੱਗੀ ਜੌਹਲ ਨੇ ਅਦਾਲਤ ਨੂੰ ਕਿਹਾ ਕਿ ਉਹ ਬੇਕਸੂਰ ਹਨ। ਉਨ੍ਹਾਂ ਨੂੰ ਦੱਸਿਆ ਗਿਆ ਕਿ ਮੁਕੱਦਮੇ ਦੀ ਕਾਰਵਾਈ 28 ਨਵੰਬਰ ਨੂੰ ਸ਼ੁਰੂ ਹੋਵੇਗੀ।ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਕਹਿੰਦੇ ਹਨ ਕਿ ਜੱਗੀ ਉੱਪਰ ਲਾਏ ਇਲਜ਼ਾਮ ਬੇਬੁਨਿਆਦ ਹਨ। ਉਹ ਇਹ ਵੀ ਕਹਿ ਰਹੇ ਹਨ ਕਿ ਜੌਹਲ ਦੀ ਜਾਨ ਨੂੰ ਖ਼ਤਰਾ ਹੈ।“ਸੰਯੁਕਤ ਰਾਸ਼ਟਰ ਦੇ ਕਾਨੂੰਨੀ ਮਾਹਰਾਂ ਨੇ ਮੰਨਿਆ ਹੈ ਕਿ ਉਸਦੀ ਨਜ਼ਰਬੰਦੀ ਮਨਮਾਨੀ ਹੈ ਅਤੇ ਉਸਨੂੰ ਤੁਰੰਤ ਰਿਹਾਅ ਕੀਤਾ ਜਾਵੇ।“ਯੂਕੇ ਸਰਕਾਰ ਨੂੰ ਤੇਜ਼ੀ ਨਾਲ ਕੰਮ ਕਰਨ ਦੀ ਲੋੜ ਹੈ ਕਿਉਂਕਿ ਜਗਤਾਰ ਦੇ ਖਿਲਾਫ਼ ਲਗਾਏ ਗਏ, ਇਨ੍ਹਾਂ ਇਲਜ਼ਾਮਾਂ ਵਿੱਚ ਮੌਤ ਦੀ ਸਜ਼ਾ ਹੋ ਸਕਦੀ ਹੈ।

“ ਜਗਤਾਰ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਨੇ ਬੀਬੀਸੀ ਸਕਾਟਲੈਂਡ ਨੂੰ ਕਿਹਾ, “ਮੈਂ ਪਹਿਲੇ ਦਿਨੋਂ ਹੀ ਕਹਿ ਰਿਹਾ ਹਾਂ ਕਿ ਮੇਰਾ ਭਰਾ ਬੇਕਸੂਰ ਹੈ। ਜਗਤਾਰ ਨੂੰ ਇਹ ਜਾਣਨ ਵਿੱਚ 1,807 ਦਿਨ ਲੱਗ ਗਏ ਹਨ ਕਿ ਉਸ ‘ਤੇ ਕਿਹੜੇ ਦੋਸ਼ ਹਨ।ਉਸ ਨੇ ਕਿਹਾ ਕਿ ਉਹ ਬੇਕਸੂਰ ਹੈ।“ਸਰਕਾਰੀ ਵਕੀਲਾਂ ਕੋਲ ਉਸਦੇ ਖਿਲਾਫ਼ ਕੇਸ ਬਣਾਉਣ ਲਈ ਪੰਜ ਸਾਲ ਦਾ ਸਮਾਂ ਸੀ। ਉਹਨਾਂ ਨੇ ਸਮਝੌਤਾਵਾਦੀ ਗਵਾਹਾਂ ਦੇ ਬਿਆਨਾਂ ਤੋਂ ਇਲਾਵਾ ਤਸੀਹਿਆਂ ਤੋਂ ਬਾਅਦ ਲਏ ਅਖੌਤੀ ਇਕਬਾਲੀਆ ਬਿਆਨ ਦੇ ਪੱਖ ਵਿੱਚ ਕੁਝ ਵੀ ਨਹੀਂ ਲਿਆਂਦਾ ਗਿਆ।“ਗੁਰਪ੍ਰੀਤ ਨੇ ਕਿਹਾ ਕਿ ਉਸ ਦੇ ਭਰਾ ਨੇ (ਜੇ ਜੱਗੀ ਬਾਹਰ ਹੁੰਦੇ ਤਾਂ) ਮੰਗਲਵਾਰ ਨੂੰ ਆਪਣੀ ਪਤਨੀ ਨਾਲ ਵਿਆਹ ਦੀ ਪੰਜਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰਦੇ ਹੋਣਾ ਸੀ।ਉਨ੍ਹਾਂ ਨੇ ਕਿਹਾ, “ਅਸੀਂ ਕਿਵੇਂ ਜਸ਼ਨ ਮਨਾ ਸਕਦੇ ਹਾਂ ਜਦੋਂ ਉਹ ਸਲਾਖਾਂ ਦੇ ਪਿੱਛੇ ਹੈ? ਸਾਨੂੰ ਉਹ ਸਾਡੇ ਨਾਲ ਘਰ ਵਿੱਚ ਚਾਹੀਦਾ ਹੈ।“

ਜੌਹਲ ਅਕਤੂਬਰ 2017 ਵਿੱਚ ਆਪਣੇ ਵਿਆਹ ਲਈ ਸਕਾਟਲੈਂਡ ਤੋਂ ਭਾਰਤ ਗਏ ਸਨ।ਪਰ ਪੰਦਰਾਂ ਦਿਨਾਂ ਬਾਅਦ ਪੰਜਾਬ ਵਿੱਚ ਆਪਣੀ ਨਵੀਂ ਦੁਲਹਨ ਦੇ ਨਾਲ ਖਰੀਦਦਾਰੀ ਲਈ ਗਏ ਜੱਗੀ ਨੂੰ ਪੁਲਿਸ ਵੱਲੋਂ ਚੁੱਕ ਲਿਆ ਗਿਆ ਸੀ ਅਤੇ ਉਸੇ ਸਮੇਂ ਤੋਂ ਉਹ ਹਿਰਾਸਤ ਵਿੱਚ ਹੈ।ਆਪਣੀ 2017 ਵਿੱਚ ਗ੍ਰਿਫ਼ਤਾਰੀ ਦੇ ਸਮੇਂ ਜੌਹਲ ਇੱਕ ਸਰਗਰਮ ਬਲੌਗਰ ਅਤੇ ਸਿੱਖ ਮਨੁੱਖੀ ਹੱਕਾਂ ਦਾ ਵਕਾਲਤੀ ਸੀ।ਜੱਗੀ ਬਾਰੇ ਕਿਹਾ ਜਾਂਦਾ ਹੈ ਕਿ ਇਸੇ ਕੰਮ ਨੇ ਉਸਨੂੰ ਭਾਰਤੀ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਸੀ।ਜੱਗੀ ਦੇ ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਬਿਨਾਂ ਨਿਸ਼ਾਨ ਵਾਲੀ ਕਾਰ ਵਿਚ ਬੰਨ੍ਹਿਆ ਗਿਆ, ਜੇਲ੍ਹ ਵਿਚ ਬਦਸਲੂਕੀ ਕੀਤੀ ਗਈ ਅਤੇ ਝੂਠੇ ਇਕਬਾਲੀਆ ਬਿਆਨ ‘ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ।ਤਾਜ਼ਾ ਘਟਨਾਕ੍ਰਮ ਬ੍ਰਿਟੇਨ ਦੀ ਖੁਫ਼ੀਆ ਏਜੰਸੀਆਂ ਉਪਰ ਭਾਰਤੀ ਅਧਿਕਾਰੀਆਂ ਨੂੰ ਸੂਹ ਦੇਣ ਦੇ ਦੋਸ਼ ਲੱਗਣ ਦੇ ਦੋ ਮਹੀਨੇ ਬਾਅਦ ਸਾਹਮਣੇ ਆਇਆ ਹੈ।ਜੌਹਲ ਦੇ ਵਕੀਲਾਂ ਨੇ ਯੂਕੇ ਸਰਕਾਰ ਦੇ ਖਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ।ਇਹ ਸ਼ਿਕਾਇਤ ਉਸ ਦਾਆਵੇ ਤੋਂ ਬਾਅਦ ਹੋਈ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਬ੍ਰਿਟਿਸ਼ ਨਾਗਰਿਕ ਬਾਰੇ ਜਾਣਕਾਰੀ ਵਿਦੇਸ਼ੀ ਅਧਿਕਾਰੀਆਂ ਨੂੰ ਦਿੱਤੀ ਗਈ ਸੀ।ਸੰਯੁਕਤ ਰਾਸ਼ਟਰ ਵਰਕਿੰਗ ਗਰੁੱਪ ਆਨ ਆਰਬਿਟਰੇਰੀ ਡਿਟੈਂਸ਼ਨ ਦੀ ਇੱਕ ਜਾਂਚ ਨੇ ਮਈ ਵਿੱਚ ਫੈਸਲਾ ਦਿੱਤਾ ਸੀ ਕਿ ਭਾਰਤ ਵਿੱਚ ਜੌਹਲ ਦੀ ਨਜ਼ਰਬੰਦੀ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ।

ਉਨ੍ਹਾਂ ਮਨੁੱਖੀ ਅਧਿਕਾਰਾਂ ਦੀਆਂ ਕਈ ਉਲੰਘਣਾਵਾਂ ਦਾ ਹਵਾਲਾ ਦਿੱਤਾ ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਜੱਗੀ ਨੂੰ ਇੱਕ ਝੂਠੇ “ਇਕਬਾਲੀਆ ਬਿਆਨ” ‘ਤੇ ਦਸਤਾਖਰ ਕਰਨ ਲਈ ਤਸੀਹੇ ਦਿੱਤੇ ਗਏ ਸਨ।ਉਸਦੇ ਕੰਨਾਂ, ਨਿੱਪਲਾਂ ਅਤੇ ਜਣਨ ਅੰਗਾਂ ਨੂੰ ਬਿਜਲੀਆਂ ਲਾਈਆਂ ਗਈਆਂ।ਵਿਦੇਸ਼ੀ ਰਾਸ਼ਟਰਮੰਡਲ ਅਤੇ ਵਿਕਾਸ ਦਫ਼ਤਰ ਦੇ ਇੱਕ ਬੁਲਾਰੇ ਨੇ ਕਿਹਾ, “ਅਸੀਂ ਲਗਾਤਾਰ ਜੌਹਲ ਦੇ ਕੇਸ ਬਾਰੇ ਭਾਰਤ ਸਰਕਾਰ ਕੋਲ ਆਪਣੇ ਤੌਖਲੇ ਚੁੱਕੇ ਹਨ। ਇਸ ਵਿੱਚ ਉਨ੍ਹਾਂ ਉਪਰ ਤਸ਼ੱਦਦ ਦੇ ਦੋਸ਼ਾਂ ਅਤੇ ਨਿਰਪੱਖ ਮੁਕੱਦਮੇ ਦਾ ਅਧਿਕਾਰ ਵੀ ਸ਼ਾਮਲ ਹੈ। ਅਸੀਂ ਜੋ ਕਰ ਸਕਦੇ ਹਾਂ, ਉਹ ਕਰਨ ਲਈ ਵਚਨਬੱਧ ਹਾਂ।“ ”ਯੂਕੇ ਸਿਧਾਂਤਕ ਤੌਰ ‘ਤੇ ਹਰ ਹਾਲਤ ਵਿੱਚ ਮੌਤ ਦੀ ਸਜ਼ਾ ਦਾ ਸਖ਼ਤ ਵਿਰੋਧ ਕਰਦਾ ਹੈ ਅਤੇ ਅਸੀਂ ਭਾਰਤ ਸਰਕਾਰ ਨੂੰ ਇਹ ਸਪੱਸ਼ਟ ਕਰੀ ਜਾ ਰਹੇ ਹਾਂ।

ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਸਟਾਕਟਨ ਦਾ ਰਹਿਣ ਵਾਲਾ ਹੈ, 35 ਸਾਲ ਇਹ ਨੌਜਵਾਨ ਅਕਤੂਬਰ 2017 ਵਿੱਚ ਆਪਣ ਵਿਆਹ ਕਰਵਾਉਣ ਵਾਸਤੇ ਭਾਰਤ ਆਇਆ ਸੀ।ਉਦੋਂ ਉਸਦੇ ਵਿਆਹ ਸਮਾਗਮ ਦੀ ਵੀਡੀਓ ਵਿੱਚ ਉਹ ਜਸ਼ਨ ਮਨਾਉਣ ਲਈ ਉਤਸ਼ਾਹ ਨਾਲ ਭੰਗੜੇ ਦੀਆਂ ਤਰਜ਼ਾਂ ‘ਤੇ ਨੱਚ ਰਿਹਾ ਹੈ।ਇੱਕ ਹੋਰ ਵੀਡੀਓ ਵਿੱਚ ਉਨ੍ਹਾਂ ਨੇ ਆਪਣੀ ਪਤਨੀ ਦਾ ਹੱਥ ਫ਼ੜ੍ਹਿਆ ਹੋਇਆ ਹੈ, ਜਦੋਂ ਉਹ ਆਪਣੇ ਦੋਸਤਾਂ ਅਤੇ ਪਰਿਵਾਰ ਸਾਹਮਣੇ ਪਹਿਲੀ ਵਾਰ ਨੱਚੇ।ਉਨ੍ਹਾਂ ਦਾ ਭਰਾ ਗੁਰਪ੍ਰੀਤ ਸਿੰਘ ਜੌਹਲ ਯਾਦ ਕਰਦਾ ਹੈ, “ਇਹ ਸਾਡੇ ਲਈ ਖ਼ੁਸ਼ੀ ਭਰਿਆ ਦਿਨ ਸੀ, ਇਹ ਬਿਲਕੁਲ ਉਸੇ ਤਰ੍ਹਾਂ ਸੀ ਜਿਸ ਤਰ੍ਹਾਂ ਯੋਜਨਾ ਬਣਾਈ ਗਈ ਸੀ।“ਪਰ 15 ਦਿਨਾਂ ਬਾਅਦ, ਜਦੋਂ ਜੌਹਲ ਪੰਜਾਬ ਵਿੱਚ ਆਪਣੀ ਪਤਨੀ ਨਾਲ ਖਰੀਦਦਾਰੀ ਕਰ ਰਹੇ ਸਨ, ਪੁਲਿਸ ਦੁਆਰਾ ਫ਼ੜ ਲਏ ਗਏ ਅਤੇ ਉਸ ਦੇ ਬਾਅਦ ਤੋਂ ਜੇਲ੍ਹ ਵਿਚ ਬੰਦ ਹਨ।ਉਨ੍ਹਾਂ ਦਾ ਭਰਾ ਗੁਰਪ੍ਰੀਤ ਜੋ ਸਕੌਟਲੈਂਡ ਵਾਸੀ ਹੈ, ਨੇ ਦੱਸਿਆ, ਜੌਹਲ ਇੱਕ ਸ਼ਾਂਤਮਈ ਕਾਰਕੁਨ ਸੀ ਅਤੇ ਮੰਨਦੇ ਹਨ ਕਿ ਉਨ੍ਹਾਂ ਨੂੰ ਭਾਰਤ ਵਿੱਚ ਸਿੱਖਾਂ ਖ਼ਿਲਾਫ਼ ਹੋਈ ਇਤਿਹਾਸਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਲਿਖਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ।ਗੁਰਪ੍ਰੀਤ ਕਹਿੰਦੇ ਹਨ, “ਮੈਂ ਮੰਨਦਾ ਹਾਂ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਹ ਬੜਬੋਲਾ ਸੀ। ਮੈਂ ਮੰਨਦਾ ਹਾਂ ਕਿ ਉਹ ਮਸੂਮ ਹੈ ਅਤੇ ਜਦੋਂ ਇੱਕ ਵਾਰ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤਾਂ ਉਹ ਬੇਕਸੂਰ ਸਾਬਤ ਹੋ ਜਾਵੇਗਾ।



# ਸ਼ਿਵ ਸੈਨਾ ਨੂੰ ਧਾਰਮਿਕ ਚਿੰਨ੍ਹ ਅਲਾਟ ਕਰਨ ‘ਤੇ ਸਿੱਖ ਆਗੂ ਨਾਰਾਜ਼

ਮੁੰਬਈ- ਭਾਰਤੀ ਚੋਣ ਕਮਿਸ਼ਨ ਵੱਲੋਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੇ ਧੜੇ ਸ਼ਿਵ ਸੈਨਾ ਨੂੰ ਧਾਰਮਿਕ ਚਿੰਨ੍ਹ ਅਲਾਟ ਕੀਤੇ ਜਾਣ ‘ਤੇ ਸਿੱਖ ਆਗੂਆਂ ਨੇ ਗੁੱਸਾ ਜ਼ਾਹਰ ਕੀਤਾ ਹੈ।ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਦੇ ਸਾਬਕਾ ਸਕੱਤਰ ਰਣਜੀਤ ਸਿੰਘ ਕਾਮਥੇਕਰ ਅਤੇ ਸਥਾਨਕ ਕਾਂਗਰਸੀ ਆਗੂ ਨੇ ਚੋਣ ਕਮਿਸ਼ਨ (ਈਸੀ) ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਸਿੱਖ ਕੌਮ ‘ਦੋ ਤਲਵਾਰਾਂ ਅਤੇ ਇੱਕ ਢਾਲ’ ਜੋ ਕਿ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ, ਦੀ ਅਲਾਟਮੈਂਟ ਤੋਂ ਪਰੇਸ਼ਾਨ ਹਨ। ਜੋ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਨੂੰ ਅਲਾਟ ਕੀਤਾ ਗਿਆ ਹੈ।ਕਾਮਥੇਕਰ ਨੇ ਕਿਹਾ ਕਿ ਜੇਕਰ ਚੋਣ ਕਮਿਸ਼ਨ ਉਨ੍ਹਾਂ ਦੀ ਸ਼ਿਕਾਇਤ ‘ਤੇ ਕਾਰਵਾਈ ਨਹੀਂ ਕਰਦਾ ਹੈ ਤਾਂ ਉਹ ਕਾਰਵਾਈ ਲਈ ਅਦਾਲਤ ਜਾ ਸਕਦੇ ਹਨ। ਹਿੰਦੁਸਤਾਨ ਟਾਈਮਜ਼ ਨੇ ਉਨ੍ਹਾਂ ਦੇ ਹਵਾਲੇ ਨਾਲ ਕਿਹਾ, “ਸਾਡੇ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਅਤੇ ਢਾਲ ਨੂੰ ਖਾਲਸਾ ਪੰਥ ਦੇ ਧਾਰਮਿਕ ਚਿੰਨ੍ਹ ਵਜੋਂ ਸਥਾਪਿਤ ਕੀਤਾ ਸੀ।

Rai
EXPRESS LINES LTD.




Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਹਸਗੁੱਲੇ

ਪੱਪੂ ਇੱਕ ਦੁਕਾਨਦਾਰ ਨੂੰ ਕਹਿਣ ਲੱਗਾ-ਭਾਈ ਸਾਹਿਬ! ਇੱਕ ਚੂਹੇਦਾਨੀ ਦਿਓ।
ਜਲਦੀ ਦਿਓ, ਮੈਂ ਬੱਸ ਫੜਨੀ ਆ।
ਦੁਕਾਨਦਾਰ-ਮਾਫ ਕਰਿਓ, ਭਾਈ ਸਾਹਿਬ ਮੇਰੇ ਕੋਲ ਐਨੀ ਵੱਡੀ ਚੂਹੇਦਾਨੀ ਨਹੀਂ ਹੈ।

*************

ਇੱਕ ਬੱਚਾ ਸੜਕ ਉੱਤੇ ਇੱਕ ਕੁੱਤੇ ਨੂੰ ਲੈ ਕੇ ਜਾ ਰਿਹਾ ਸੀ। ਇੱਕ ਪੁਲਿਸ ਵਾਲਾ ਹੱਸਦੇ ਹੋਏ ਬੋਲਿਆ ਬੇਟਾ ਤੁਸੀਂ ਆਪਣੇ ਭਾਈ ਨੂੰ ਕਿੱਥੇ ਲੈ ਕੇ ਜਾ ਰਹੇ ਹੋ?
ਬੱਚਾ-ਗੁੱਸੇ ਵਿੱਚ-ਪੁਲਿਸ ਵਿੱਚ ਭਰਤੀ ਕਰਵਾਉਣ ਲਈ।

*************

ਲੜਕਾ-ਭਗਵਾਨ ਨੂੰ-ਮੇਰੇ ਘਰ ਤੋਂ ਅਮਰੀਕਾ ਤੱਕ ਸੜਕ ਬਣਵਾ ਦਿਓ।
ਭਗਵਾਨ-ਇਹ ਕੰਮ ਮੁਸ਼ਕਲ ਹੈ, ਕੁੱਝ ਹੋਰ ਮੰਗੋ।
ਲੜਕਾ-ਤਾਂ ਫਿਰ ਕੋਈ ਇਹੋ ਜਿਹੀ ਕੁੜੀ ਬਣਾ ਦਿਓ, ਜੋ ਮੇਰੇ ਤੋਂ ਬਿਨਾਂ ਕਿਸੇ ਹੋਰ ਲੜਕੇ ਨੂੰ ਨਾ ਚਾਹੇ।
ਭਗਵਾਨ-ਤਾਂ ਸੜਕ ਬਣਾਉਣੀ ਕਦੋਂ ਤੋਂ ਸ਼ੁਰੂ ਕਰਾਂ?

*************

ਚੱਪੂ ਪਾਰਟੀ 'ਤੇ 15 ਪਲੇਟ ਬਿਰਿਆਨੀ ਖਾ ਕੇ ਪੇਟ ਵਿੱਚ ਦਰਦ ਹੋਣ ਕਾਰਨ ਬਾਥਰੂਮ ਵਿੱਚ ਜਾ ਕੇ ਪ੍ਰਾਰਥਨਾ ਕਰਨ ਲੱਗਾ-ਹੇ ਭਗਵਾਨ ਜਾਂ ਤਾਂ ਜਾਨ ਕੱਢ ਦੇ ਜਾਂ ਬਿਰਿਆਨੀ ਕੱਢ ਦੇ।

*************

ਟੀਚਰ-ਤੁਸੀਂ ਆਪਣੀ ਕਾਪੀ ਵਿੱਚ ਇੰਨੀਆਂ ਗਲਤੀਆਂ ਇੱਕੋ ਸਮੇਂ ਕਿਵੇਂ ਕਰ ਸਕਦੇ ਹੋ?
ਅਮਨ-ਨਹੀਂ ਸਰ, ਮੈਂ ਇਹ ਇਕੱਲਾ ਨਹੀਂ ਕਰਦਾ, ਮੇਰਾ ਛੋਟਾ ਭਰਾ ਵੀ ਮਦਦ ਕਰਦਾ ਹੈ।

*************

ਮੁੰਡਾ, ''ਜਾਨੇਮਨ, ਟੁੱਟੇ ਦਿਲ ਨਾਲ ਪਿਆਰ ਕਰੇਂਗੀ ਜਾਂ ਦਿਲ ਟੁੱਟਣ ਤੱਕ ਪਿਆਰ ਕਰੇਂਗੀ?"
ਕੁੜੀ, ''ਕਮੀਨੇ, ਇਹ ਦੱਸ ਕਿ ਟੁੱਟੀ ਚੱਪਲ ਨਾਲ ਕੁੱਟ ਖਾਏਂਗਾ ਜਾਂ ਚੱਪਲ ਟੁੱਟਣ ਤੱਕ ਕੁੱਟ ਖਾਏਂਗਾ।"

*************

ਸਿੰਗਲਾ ਇਕ ਹੋਟਲ ਵਿੱਚ ਗਿਆ ਅਤੇ ਚਿਕਨ ਦਾ ਆਰਡਰ ਦਿੱਤਾ।
ਵੇਟਰ, ''ਸਾਹਿਬ, ਫ੍ਰੈਂਚ ਚਿਕਨ ਲਵੋਗੇ ਜਾਂ ਸਪੈਨਿਸ਼?" ਸਿੰਗਲਾ, ''ਓ ਭਰਾ! ਕੋਈ ਵੀ ਲੈ ਕੇ ਆ ਜਾ, ਮੈਂ ਕਿਹੜਾ ਉਸ ਨਾਲ ਗੱਲਾਂ ਕਰਨੀਆਂ ਹਨ।"

*************

ਇਕ ਕੁੜੀ ਡਾਕਟਰ ਕੋਲ ਗਈ ਅਤੇ ਕਹਿਣ ਲੱਗੀ, ''ਡਾਕਟਰ ਸਾਹਿਬ, ਮੈਂ ਕੁਝ ਜ਼ਿਆਦਾ ਹੀ ਸ਼ਰਾਬ ਪੀਣ ਲੱਗੀ ਹਾਂ ਅਤੇ ਜਦੋਂ ਕੁਝ ਜ਼ਿਆਦਾ ਪੀ ਜਾਂਦੀ ਹਾਂ ਤਾਂ ਜੋ ਵੀ ਵਿਅਕਤੀ ਸਾਹਮਣੇ ਆ ਜਾਂਦਾ ਹੈ, ਉਸ ਨਾਲ ਪਿਆਰ ਕਰਨ ਨੂੰ ਦਿਲ ਕਰਦਾ ਹੈ, ਕੋਈ ਇਲਾਜ ਦੱਸੋ।"
ਡਾਕਟਰ ਬੋਲਿਆ, ''ਇਹ ਤਾਂ ਬੜੀ ਅਨੋਖੀ ਬੀਮਾਰੀ ਹੈ ਮਿਸ, ਪਰ ਚੱਲੋ ਪਹਿਲਾਂ ਇਕ-ਇਕ ਪੈਗ ਲਗਾਉਂਦੇ ਹਾਂ, ਫਿਰ ਸੋਚਦੇ ਹਾਂ ਕਿ ਕੀ ਕਰਨਾ ਹੈ।"

*************

ਦੋ ਬਹੁਤ ਚੰਗੇ ਦੋਸਤ ਸਨ, ਜਿਨ੍ਹਾਂ ਵਿੱਚੋਂ ਇਕ ਦੀ ਅਚਾਨਕ ਮੌਤ ਹੋ ਗਈ।
ਪੁਲਸ ਜਾਂਚ ਕਰਨ ਆਈ ਤੇ ਉਸ ਦੇ ਦੋਸਤ ਨੂੰ ਪੁੱਛਿਆ, ''ਤੇਰਾ ਦੋਸਤ ਕਿਵੇਂ ਮਰਿਆ?"
ਦੋਸਤ, ''ਪਤਾ ਨਹੀਂ ਸਾਹਿਬ, ਉਹ ਬੋਲਿਆ ਮੇਰੇ ਪੇਟੇ ਵਿੱਚ ਚੂਹੇ ਕੁੱਦ ਰਹੇ ਹਨ ਤਾਂ ਮੈਂ ਉਸ ਨੂੰ ਚੂਹੇ ਮਾਰਨ ਵਾਲੀ ਦਵਾਈ ਖੁਆ ਦਿੱਤੀ।"

*************

ਪ੍ਰੇਮੀ (ਪ੍ਰੇਮਿਕਾ ਨੂੰ), ''ਪਿਆਰ ਹੁਆ ਇਕਰਾਰ ਹੁਆ, ਪਿਆਰ ਸੇ ਫਿਰ ਕਿਊਂ ਡਰਤਾ ਹੈ ਦਿਲ..।"
ਪ੍ਰੇਮਿਕਾ, ''ਕਿਉਂ ਨਾ ਡਰੇ ਦਿਲ, ਕਿਉਂਕਿ ਅੱਜ ਕੱਲ੍ਹ ਦੇ ਪਿਆਰ ਨਾਲ ਵਧਦਾ ਹੈ ਸਿਰਫ ਮੋਬਾਈਲ ਤੇ ਰੈਸਟੋਰੈਂਟ ਦਾ ਬਿੱਲ।"

*************

ਅਧਿਆਪਕ (ਪ੍ਰਿੰਸ ਨੂੰ), ''ਚੱਲ ਪ੍ਰਿੰਸ ਤੂੰ ਦੱਸ ਕਿ ਦੋ 'ਚੋਂ ਦੋ ਗਏ, ਕਿੰਨੇ ਬਚੇ?"
ਪ੍ਰਿੰਸ, ''ਸਰ, ਸਮਝ ਨਹੀਂ ਆਇਆ।"
ਅਧਿਆਪਕ, ''ਬੇਟਾ, ਤੇਰੇ ਕੋਲ ਦੋ ਰੋਟੀਆਂ ਹਨ, ਤੂੰ ਦੋਵੇਂ ਖਾ ਲਈਆਂ ਤਾਂ ਤੇਰੇ ਕੋਲ ਕੀ ਬਚਿਆ?"
ਪ੍ਰਿੰਸ, ''ਸਰ, ਸਬਜ਼ੀ।"

*************

ਸੁਰਿੰਦਰ ਲਾਇਬਰੇਰੀ ਵਿੱਚ ਤਿੰਨ ਘੰਟੇ ਤੱਕ ਇੱਕ ਕਿਤਾਬ ਪੜ੍ਹਨ ਤੋਂ ਬਾਅਦ ਬੋਲਿਆ, ''ਕਿੰਨੀ ਬੋਰਿੰਗ ਕਿਤਾਬ ਹੈ, ਇੰਨੇ ਜ਼ਿਆਦਾ ਕਿਰਦਾਰ, ਪਰ ਕੋਈ ਕਹਾਣੀ ਨਹੀਂ...।"
ਲਾਇਬਰੇਰੀ ਵਾਲਾ ਬੋਲਿਆ, ''ਭਾਈ ਸਾਹਿਬ, ਉਹ ਕਿਤਾਬ ਨਹੀਂ ਟੈਲੀਫੋਨ ਡਾਇਰੈਕਟਰੀ ਸੀ।"

*************

ਮਹਿੰਦਰ, ''ਯਾਰ ਜਦੋਂ ਤੈਨੂੰ ਗਰਮੀ ਲਗਦੀ ਹੈ ਤਾਂ ਤੂੰ ਕੀ ਕਰਦਾ ਏਂ?"
ਵਿਨੇ, ''...ਤਾਂ ਮੈਂ ਏ ਸੀ ਸਾਹਮਣੇ ਬੈਠ ਜਾਂਦਾ ਹਾਂ।" ਮਹਿੰਦਰ, ''...ਅਤੇ ਜਦੋਂ ਬਹੁਤ ਜ਼ਿਆਦਾ ਗਰਮੀ ਹੋਵੇ ਤਾਂ ਕੀ ਕਰਦਾ ਏਂ?"
ਵਿਨੇ, ''ਜਦੋਂ ਬਹੁਤ ਜ਼ਿਆਦਾ ਗਰਮੀ ਪੈਂਦੀ ਹੈ ਤਾਂ ਮੈਂ ਏ ਸੀ ਨੂੰ ਆਨ ਕਰ ਦਿੰਦਾ ਹਾਂ।"
ਪ੍ਰੇਮੀ-ਪ੍ਰੇਮਿਕਾ ਗੱਲਾਂ ਕਰ ਰਹੇ ਸਨ। ਪ੍ਰੇਮਿਕਾ ਬੋਲੀ, ''ਕੋਈ ਅਜਿਹੀ ਗੱਲ ਕਹਿ ਕਿ ਮੇਰਾ ਦਿਲ ਜ਼ੋਰ-ਜ਼ੋਰ ਨਾਲ ਧੱਕ-ਧੱਕ ਕਰਨ ਲੱਗੇ।"
ਪ੍ਰੇਮੀ, ''ਤੇਰੇ ਪਿੱਛੇ ਮੇਰੇ ਪਾਪਾ ਆ ਰਹੇ ਹਨ।"

*************

ਪਠਾਨ (ਪਤਨੀ ਨੂੰ), ''ਮੇਰਾ ਯਾਰ ਆਇਆ ਹੈ, ਚਾਹ ਤਾਂ ਬਣਾ ਦੇ।"
ਪਤਨੀ, ''ਮੈਂ ਨਹੀਂ ਬਣਾ ਸਕਦੀ।"
ਪਠਾਨ, ''ਬਣਾ ਦੇ, ਜਦੋਂ ਤੇਰਾ ਯਾਰ ਆਏਗਾ ਤਾਂ ਮੈਂ ਵੀ ਬਣਾ ਦੇਵਾਂਗਾ।"

*************

ਇਕ ਡਾਕਟਰ ਮਰੀਜ਼ ਨੂੰ ਸਮਝਾਉਂਦਾ ਹੋਇਆ ਬੋਲਿਆ, ''ਕੀ ਤੁਹਾਨੂੰ ਪਤਾ ਹੈ ਕਿ ਸ਼ਰਾਬ ਇਕ ਧੀਮਾ ਜ਼ਹਿਰ ਹੈ? ਇਹ ਤੁਹਾਨੂੰ ਹੌਲੀ-ਹੌਲੀ ਇਕ ਦਿਨ ਮਾਰ ਸੁੱਟੇਗੀ।"
ਮਰੀਜ਼, ''ਠੀਕ ਹੈ, ਮੈਨੂੰ ਵੀ ਮਰਨ ਦੀ ਕੋਈ ਕਾਹਲੀ ਨਹੀਂ ਹੈ।"

*************

ਅਧਿਆਪਕ, ''ਰੋਹਿਤ, ਜੇ ਤੇਰੇ ਕੋਲ 15 ਸੇਬ ਹੋਣ, ਜਿਨ੍ਹਾਂ ਵਿੱਚੋਂ ਛੇ ਤੂੰ ਨਿਰਮਲਾ ਨੂੰ ਦੇ ਦੇਵੇ, ਚਾਰ ਸੁਨੀਤਾ ਨੂੰ ਦੇ ਦੇਵੇ ਅਤੇ ਪੰਜ ਰਮਨ ਨੂੰ ਦੇ ਦੇਵੇ ਤਾਂ ਤੈਨੂੰ ਕੀ ਮਿਲੇਗਾ?"
ਰੋਹਿਤ, ''ਸਰ, ਮੈਨੂੰ ਤਿੰਨ ਨਵੀਆਂ ਗਰਲ ਫ੍ਰੈਂਡਸ ਮਿਲ ਜਾਣਗੀਆਂ।"

*************

ਪਤਨੀ, ''ਅੱਜ ਤੁਸੀਂ ਇੰਨੀ ਜਲਦੀ ਘਰ ਕਿਵੇਂ ਆ ਗਏ?" ਪਤੀ, ''ਬੌਸ ਨੇ ਕਿਹਾ ਸੀ-'ਗੋ ਟੂ ਹੈਲ', ਮੈਂ ਸਿੱਧਾ ਤੇਰੇ ਕੋਲ ਆ ਗਿਆ।"

*************

ਪ੍ਰਿੰਸ (ਦਰਜ਼ੀ ਨੂੰ), ''ਪੈਂਟ ਦੀ ਸਿਲਾਈ ਦੇ ਕਿੰਨੇ ਪੈਸੇ ਲੱਗਣਗੇ?" ਦਰਜ਼ੀ, ''150 ਰੁਪਏ।"
ਪ੍ਰਿੰਸ, ''...ਅਤੇ ਨਿੱਕਰ ਦੇ?" ਦਰਜ਼ੀ, ''50 ਰੁਪਏ।"
ਪ੍ਰਿੰਸ, ''ਚਲੋ ਠੀਕ ਹੈ, ਨਿੱਕਰ ਸਿਉਂ ਦਿਓ, ਪਰ ਪੈਰਾਂ ਤੱਕ ਲੰਮੀ ਰੱਖ ਲੈਣੀ।"







# ਬਿਲਕਿਸ ਬਾਨੋ ਕੇਸ:ਮੋਦੀ ਸਰਕਾਰ ਕਟਹਿਰੇ ‘ਚ

ਬਿਲਕਿਸ ਬਾਨੋ ਗੈਂਗ ਰੇਪ ਦੇ ‘ਹਿੰਦੂਤਵੀ ਦਰਿੰਦਿਆਂ’ ਦੀ ਰਿਹਾਈ ਇਸ ਸਮੇਂ ਮੋਦੀ ਸਰਕਾਰ ਲਈ ਗਲੇ ਦੀ ਹੱਡੀ ਬਣ ਚੁੱਕੀ ਹੈ । ਇਸ ਫੈਸਲੇ ਕਾਰਣ ਭਾਜਪਾ ਦੀ ਦੇਸ਼ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਬਹੁਤ ਹੀ ਕਿਰਕਰੀ ਹੋ ਰਹੀ ਹੈ । ਇਸ ਸਮੇਂ ਇਸ ਮਾਮਲੇ ਦੀ ਸੁਪਰੀਮ ਕੋਰਟ ਵਿੱਚ ਸੁਣਵਾਈ ਚਲ ਰਹੀ ਹੈ । ਇਸ ਸੰਬੰਧੀ ਮਾਰਕਸੀ ਪਾਰਟੀ ਦੀ ਸਾਬਕਾ ਸਾਂਸਦ ਸੁਭਾਸਿਨੀ ਅਲੀ, ਪੱਤਰਕਾਰ ਰੇਵਤੀ ਲਾਲ ਤੇ ਰੂਪ ਰੇਖਾ ਵਰਮਾ ਨੇ ਸੁਪਰੀਮ ਕੋਰਟ ਵਿੱਚ ਰਿੱਟ ਦਾਖਲ ਕੀਤੀ ਹੈ। ਇਨ੍ਹਾਂ ਵਿਅਕਤੀਆਂ ਨੇ ਇਸ ਰਿੱਟ ਰਾਹੀਂ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਕਰਨ ਵਾਲੇ ਤੇ ਕਈ ਕਤਲਾਂ ਲਈ ਦੋਸ਼ੀ ਠਹਿਰਾਏ ਗਏ 11 ਵਿਅਕਤੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਚੁਣੌਤੀ ਦਿੱਤੀ ਹੈ। ਇਸ ਕੇਸ ਦੀ ਸੁਣਵਾਈ ਦੌਰਾਨ ਗੁਜਰਾਤ ਸਰਕਾਰ ਨੇ ਇਹ ਕਹਿ ਦਿੱਤਾ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਛੱਡਣ ਦੀ ਮਨਜ਼ੂਰੀ ਕੇਂਦਰ ਸਰਕਾਰ ਨੇ ਦਿੱਤੀ ਸੀ ।

ਅਸਲ ਵਿੱਚ ਇਸ ਸਮੇਂ ਗੁਜਰਾਤ ਦੀਆਂ ਅਸੈਂਬਲੀ ਚੋਣਾਂ ਸਿਰ ਉੱਤੇ ਹਨ । ਭਾਜਪਾ ਨੂੰ ਡਰ ਹੈ ਕਿ ਵਿਰੋਧੀ ਪਾਰਟੀਆਂ ਇਸ ਮਸਲੇ ਨੂੰ ਚੋਣ ਮੁੱਦਾ ਬਣਾ ਕੇ ਗੁਜਰਾਤ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਸਕਦੀਆਂ ਹਨ । ਜੇਕਰ ਅਜਿਹਾ ਹੁੰਦਾ ਹੈ ਤਾਂ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ । ਇਸ ਲਈ ਪਾਰਟੀ ਨੇ ਗੁਜਰਾਤ ਭਾਜਪਾ ਨੂੰ ਬਚਾਉਣ ਲਈ ਦੋਸ਼ੀਆਂ ਦੀ ਰਿਹਾਈ ਦਾ ਠੀਕਰਾ ਕੇਂਦਰ ਸਰਕਾਰ ਸਿਰ ਭੰਨ ਦਿੱਤਾ ਹੈ ।




ਗੁਜਰਾਤ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕਿਹਾ ਹੈ ਕਿ ਬਿਲਕਿਸ ਬਾਨੋ ਕੇਸ ਦੇ 11 ਦੋਸ਼ੀਆਂ ਨੂੰ 14 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਰਿਹਾਅ ਕੀਤਾ ਗਿਆ ਹੈ, ਕਿਉਂਕਿ ਸਜ਼ਾ ਦੌਰਾਨ ਉਨ੍ਹਾਂ ਦਾ ਵਿਹਾਰ ਵਧੀਆ ਸੀ । ਗੁਜਰਾਤ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੇ ਸੁਪਰੀਮ ਕੋਰਟ ਨੂੰ ਇੱਕ ਹਲਫਨਾਮੇ ਰਾਹੀਂ ਦੱਸਿਆ ਕਿ ਰਾਜ ਸਰਕਾਰ ਨੇ ਇਸ ਬਾਰੇ ਵਿਚਾਰ-ਵਟਾਂਦਰੇ ਤੋਂ ਬਾਅਦ ਇਨ੍ਹਾਂ 11 ਦੋਸ਼ੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਲਿਆ ਸੀ । ਭਾਰਤ ਸਰਕਾਰ ਨੇ ਵੀ 11 ਜੁਲਾਈ 2022 ਨੂੰ ਆਪਣੇ ਇੱਕ ਪੱਤਰ ਰਾਹੀਂ ਇਨ੍ਹਾਂ 11 ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਸਹਿਮਤੀ ਦੇ ਦਿੱਤੀ ਸੀ । ਇਸ ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਦੋਸ਼ੀਆਂ ਦੀ ਰਿਹਾਈ ਤੋਂ ਪਹਿਲਾਂ ਚੀਫ਼ ਇੰਸਪੈਕਟਰ ਜਨਰਲ ਜੇਲ੍ਹਾਂ, ਜੇਲ ਮੁਖੀ, ਜੇਲ੍ਹ ਸਲਾਹਕਾਰ ਕਮੇਟੀ, ਜ਼ਿਲ੍ਹਾ ਮੈਜਿਸਟ੍ਰੇਟ, ਪੁਲਸ ਮੁਖੀ, ਸੀ ਬੀ ਆਈ, ਵਿਸ਼ੇਸ਼ ਅਪਰਾਧ ਸ਼ਾਖਾ ਤੇ ਸੈਸ਼ਨ ਕੋਰਟ ਮੁੰਬਈ ਦੀ ਕਮੇਟੀ ਨੇ ਵੀ ਇਸ ਬਾਰੇ ਵਿਚਾਰ-ਵਟਾਂਦਰਾ ਕੀਤਾ ਸੀ ।

ਗੁਜਰਾਤ ਸਰਕਾਰ ਨੇ ਹਲਫ਼ਨਾਮੇ ਵਿੱਚ ਕਿਹਾ ਹੈ ਕਿ ਇਨ੍ਹਾਂ ਕੈਦੀਆਂ ਦੀ ਰਿਹਾਈ ਅੰਮਿਤ ਮਹਾਂਉਤਸਵ ਦੇ ਹਿੱਸੇ ਵਜੋਂ ਕੀਤੀ ਗਈ ਹੈ । ਸੀ ਆਰ ਪੀ ਸੀ ਦੀ ਧਾਰਾ 432 ਤੇ 433 ਅਧੀਨ ਰਾਜ ਸਰਕਾਰ ਨੂੰ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਬਾਰੇ ਫੈਸਲਾ ਲੈਣ ਦਾ ਅਧਿਕਾਰ ਹੈ । ਧਾਰਾ 435 ਅਧੀਨ ਫੈਸਲਾ ਲੈਣ ਸਮੇਂ ਵਿਚਾਰ ਅਧੀਨ ਮਾਮਲਿਆਂ ਦੀ ਭਾਰਤ ਸਰਕਾਰ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਹੈ । ਇਸ ਮਾਮਲੇ ਵਿੱਚ ਰਾਜ ਸਰਕਾਰ ਨੂੰ ਭਾਰਤ ਸਰਕਾਰ ਦੀ ਮਨਜ਼ੂਰੀ ਮਿਲ ਗਈ ਸੀ ।ਆਮ ਤੌਰ ‘ਤੇ ਰਾਜ ਸਰਕਾਰਾਂ ਵਿਸ਼ੇਸ਼ ਮੌਕਿਆਂ ਉੱਤੇ ਚੰਗੇ ਆਚਰਨ ਤੇ ਛੋਟੇ ਅਪਰਾਧਾਂ ਵਾਲੇ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਲਈ ਇਨ੍ਹਾਂ ਧਾਰਾਵਾਂ ਰਾਹੀਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੀਆਂ ਰਹਿੰਦੀਆਂ ਹਨ । ਬਿਲਕਿਸ ਬਾਨੋ ਗੈਂਗ ਰੇਪ ਤੇ ਕਤਲਾਂ ਦੇ ਦੋਸ਼ੀਆਂ ਦਾ ਕੇਸ ਇੱਕ ਸਧਾਰਨ ਮਾਮਲਾ ਨਹੀਂ ਹੈ, ਇਸ ਨੇ ਤਾਂ ਸਮੁੱਚੀ ਮਾਨਵਤਾ ਨੂੰ ਹੀ ਸ਼ਰਮਸ਼ਾਰ ਕਰ ਦਿੱਤਾ ਸੀ । ਇਸ ਲਈ ਇਨ੍ਹਾਂ 11 ਦਰਿੰਦਿਆਂ ਦੀ ਰਿਹਾਈ ਦੇ ਕੁਕਰਮ ਲਈ ਗੁਜਰਾਤ ਸਰਕਾਰ ਦੇ ਨਾਲ-ਨਾਲ ਮੋਦੀ ਸਰਕਾਰ ਵੀ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ ।-ਨਵਾ ਜ਼ਮਾਨਾ

# ਖਾਲਸਾ ਸਕੂਲ ਸਰੀ ਵਿਖੇ ਵਿਦਿਆਰਥੀਆਂ ਦਾ ਲਗਾਤਾਰ ਚੌਂਕੜੀ ‘ਚ ਬੈਠਣ ਦਾ ਮੁਕਾਬਲਾ



ਸਰੀ:-ਖਾਲਸਾ ਸਕੂਲ, ਨਿਊਟਨ ਵਿਖੇ ਮਿਤੀ 15 ਅਕਤੂਬਰ , 2022 ਦਿਨ ਸ਼ਨੀਵਾਰ ਨੂੰ ਬੱਚਿਆਂ ਦਾ ਚੌਂਕੜੀ ਮਾਰ ਕੇ ਬੈਠਣ ਦਾ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਕੁਲ 517 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ 24 ਵਿਦਿਆਰਥੀ ਲਗਾਤਾਰ 7 ਘੰਟੇ ਤੋਂ ਵੱਧ ਅਤੇ 16 ਵਿਦਿਆਰਥੀ 8 ਘੰਟੇ ਤੋਂ ਵੱਧ ਸਮਾਂ ਇਕ ਚੌਂਕੜੀ ਵਿੱਚ ਬੈਠੇ। ਜਿੱਥੇ ਅੱਜ ਤਕਨਾਲੋਜੀ ਦਾ ਸਮਾਂ ਹੈ, ਉਥੇ ਇੰਨੀ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਲਗਾਤਾਰ 8 ਘੰਟੇ ਗੁਰੂ ਦੀ ਗੋਦ ਦਾ ਅਨੰਦ ਮਾਣਿਆ। ਇਹਨਾਂ ਵਿਦਿਆਰਥੀਆਂ ਵਿੱਚ ਸਮਰੀਤ ਕੌਰ (ਕਿੰਡਰਗਾਰਟਨ), ਨਿਮਰਤ ਕੌਰ ਹੰਸ, ਜਸਲੀਨ ਕੌਰ ਗਰਚਾ (ਗਰੇਡ 2), ਅਰਸ਼ਵੀਰ ਕੌਰ ਘੁੰਮਣ, ਮਹਿਤਾਬ ਸਿੰਘ, ਮੇਹਰ ਕੌਰ ਗਰੇਵਾਲ (ਗਰੇਡ 3), ਅਨਮੋਲ ਕੌਰ ਨਿੱਜਰ, ਮਹਾਂ ਸਿੰਘ, ਹਰਸੀਰਤ ਕੌਰ (ਗਰੇਡ 4), ਗੁਰਜੋਤ ਕੌਰ( ਗਰੇਡ 6), ਜਸਲੀਨ ਕੌਰ ਬਾਜਵਾ, ਰਵਲੀਨ ਕੌਰ ਸੰਧੂ, ਤਰਨਪ੍ਰੀਤ ਕੌਰ, ਖੁਸ਼ਦੀਪ ਕੌਰ (ਗਰੇਡ 7 ਅਤੇ ਕੁਦਰਤ ਕੌਰ, ਸੁਖਮੀਤ ਸਿੰਘ (ਗਰੇਡ 8) 7 ਤੋਂ 8 ਘੰਟੇ ਤੱਕ ਲਗਾਤਾਰ ਇਕ ਚੌਂਕੜੀ ਵਿਚ ਬੈਠੇ। ਇਸ ਦੌਰਾਨ ਹਰ ਸਾਲ ਦੀ ਤਰ੍ਹਾਂ ਖਾਲਸਾ ਸਕੂਲ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਖਾਲਸਾ ਸਕੂਲ ਦੇ ਵਿਦਿਆਰਥੀਆਂ ਵਲੋਂ ਸਾਰਾ ਦਿਨ ਸਵੇਰ 8 ਵਜੇ ਤੋਂ ਸ਼ਾਮ 6 ਵਜੇ ਤੱਕ ਜਪੁਜੀ ਸਾਹਿਬ ਜੀ ਦੇ ਪਾਠ ਦਾ ਅਖੰਡ ਜਾਪ ਵੀ ਕੀਤਾ ਗਿਆ। ਖਾਲਸਾ ਸਕੂਲ ਦੇ ਅਹੁਦੇਦਾਰ ਅਤੇ ਸਟਾਫ ਵਲੋਂ ਕੀਤਾ ਗਿਆ ਇਹ ਉਪਰਾਲਾ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ। ਵਿਦਿਆਰਥੀਆਂ ਨੂੰ ਇਨਾਮ ਦੇ ਕੇ ਉਹਨਾਂ ਦੀ ਹੌਂਸਲਾ ਅਫਜਾਈ ਕੀਤੀ ਗਈ।


LANGLEY BANQUET HALL



SERVICE AVAILABLE IN SURREY, DELTA, LANGLEY & ALDERGROVE

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI
WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND
DESSERT 200$ month

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਨਾਟੋ’ ਮੁਲਕਾਂ ਨੇ ਪਰਮਾਣੂ ਅਭਿਆਸ ਆਰੰਭਿਆ:ਰੂਸ ਨਾਲ ਤਣਾਅ ਦੇ ਮੱਦੇਨਜ਼ਰ ਜੰਗੀ ਅਭਿਆਸ

ਬਰੱਸਲਜ਼:-ਯੂਕਰੇਨ ਵਿਚ ਜੰਗ ਕਾਰਨ ਵਧੇ ਤਣਾਅ ਦੇ ਮੱਦੇਨਜ਼ਰ ‘ਨਾਟੋ’ ਨੇ ਉੱਤਰ-ਪੱਛਮੀ ਯੂਰੋਪ ਵਿਚ ਸਾਲਾਨਾ ਪਰਮਾਣੂ ਅਭਿਆਸ ਆਰੰਭ ਦਿੱਤਾ ਹੈ। ਜ਼ਿਕਰਯੋਗ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਆਪਣੇ ਮੁਲਕ ਦੇ ਖੇਤਰਾਂ ਦੀ ਰਾਖੀ ਲਈ ਕੋਈ ਵੀ ਕਦਮ ਚੁੱਕਣ ਦੀ ਚਿਤਾਵਨੀ ਦਿੱਤੀ ਹੈ। ਨਾਟੋ ਗੱਠਜੋੜ ਦੇ 30 ਮੈਂਬਰਾਂ ਵਿਚੋਂ 14 ਇਨ੍ਹਾਂ ਅਭਿਆਸਾਂ ਵਿਚ ਹਿੱਸਾ ਲੈਣਗੇ, ਤੇ ਇਸ ਵਿਚ 60 ਜਹਾਜ਼ ਸ਼ਾਮਲ ਹੋਣਗੇ। ਇਨ੍ਹਾਂ ਜਹਾਜ਼ਾਂ ਵਿਚ ਲੜਾਕੂ ਤੇ ਹੋਰ ਜਹਾਜ਼ ਸ਼ਾਮਲ ਹਨ। ਜ਼ਿਆਦਾਤਰ ਅਭਿਆਸ ਰੂਸੀ ਸਰਹੱਦਾਂ ਤੋਂ 1000 ਕਿਲੋਮੀਟਰ ਦੂਰ ਹੋਵੇਗਾ। ਇਸ ਵਿਚ ਅਮਰੀਕਾ ਦੇ ਲੰਮੀ ਦੂਰੀ ਤੱਕ ਮਾਰ ਕਰਨ ਵਾਲੇ ਬੀ-52 ਬੰਬਰ ਜਹਾਜ਼ ਵੀ ਹਿੱਸਾ ਲੈਣਗੇ। ਨਾਟੋ ਇਨ੍ਹਾਂ ਅਭਿਆਸਾਂ ਲਈ ਮੀਡੀਆ ਨੂੰ ਕੋਈ ਪਹੁੰਚ ਨਹੀਂ ਦੇ ਰਿਹਾ ਹੈ। ਨਾਟੋ ਨੇ ਕਿਹਾ ਕਿ ਜਹਾਜ਼ ਬੈਲਜੀਅਮ ਉਪਰੋਂ ਦੀ ਉਡਾਣ ਭਰਨਗੇ ਤੇ ਅਭਿਆਸ 30 ਅਕਤੂਬਰ ਤੱਕ ਜਾਰੀ ਰਹੇਗਾ। ਇਸ ਤੋਂ ਇਲਾਵਾ ਉੱਤਰ ਸਾਗਰ ਤੇ ਯੂਕੇ ਉਤੋਂ ਵੀ ਉਡਾਣਾਂ ਭਰੀਆਂ ਜਾਣਗੀਆਂ। ਇਸ ਅਭਿਆਸ ਵਿਚ ਉਹ ਜਹਾਜ਼ ਸ਼ਾਮਲ ਹਨ ਜੋ ਪਰਮਾਣੂ ਹਥਿਆਰ ਚੁੱਕ ਕੇ ਡੇਗਣ ਦੇ ਸਮਰੱਥ ਹਨ। ਹਾਲਾਂਕਿ ਅਭਿਆਸ ਵਿਚ ਕੋਈ ਅਸਲ ਬੰਬ ਸ਼ਾਮਲ ਨਹੀਂ ਹੋਵੇਗਾ। ਇਸ ਜੰਗੀ ਅਭਿਆਸ ਦੀ ਯੋਜਨਾ ਰੂਸ ਦੇ ਯੂਕਰੇਨ ਉਤੇ ਹਮਲੇ ਤੋਂ ਪਹਿਲਾਂ ਬਣਾਈ ਗਈ ਸੀ। ਮਾਸਕੋ ਵੱਲੋਂ ਵੀ ਇਸੇ ਮਹੀਨੇ ਜੰਗੀ ਅਭਿਆਸ ਕੀਤੇ ਜਾਣ ਦੀ ਸੰਭਾਵਨਾ ਹੈ।










# ਕਸ਼ਮੀਰੀ ਪੰਡਿਤ ਦੀ ਹੱਤਿਆ ਖ਼ਿਲਾਫ਼ ਹੁਰੀਅਤ ਦਫ਼ਤਰ ਅੱਗੇ ਮੁਜ਼ਾਹਰਾ
# ਹੁਰੀਅਤ ਨੇ ਦਫ਼ਤਰ ਅੱਗੇ ਪ੍ਰਦਰਸ਼ਨ ਦੀ ਨਿਖੇਧੀ ਕੀਤੀ

ਸ੍ਰੀਨਗਰ-ਕਸ਼ਮੀਰੀ ਪੰਡਿਤ ਪੂਰਨ ਕ੍ਰਿਸ਼ਨ ਭੱਟ ਦੀ ਪਿਛਲੇ ਹਫ਼ਤੇ ਦਹਿਤਸ਼ਤਗਰਦਾਂ ਵੱਲੋਂ ਕੀਤੀ ਹੱਤਿਆ ਖ਼ਿਲਾਫ਼ ਸਮਾਜ ਸੇਵੀ ਕਾਰਕੁਨਾਂ ਸਣੇ ਕੁਝ ਲੋਕਾਂ ਨੇ ਅੱਜ ਹੁਰੀਅਤ ਕਾਨਫਰੰਸ ਦੇ ਦਫ਼ਤਰ ਅੱਗੇ ਰੋਸ ਮੁਜ਼ਾਹਰਾ ਕੀਤਾ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਅਧਿਕਾਰੀਆਂ ਮੁਤਾਬਕ ਮੁਜ਼ਾਹਰਾਕਾਰੀ ਇੱਥੇ ਰਾਜਬਾਗ਼ ਵਿੱਚ ਮੀਰਵਾਇਜ਼ ਉਮਰ ਫਾਰੂਕ ਦੀ ਅਗਵਾਈ ਵਾਲੀ ਹੁਰੀਅਤ ਕਾਨਫਰੰਸ ਦੇ ਦਫ਼ਤਰ ਅੱਗੇ ਇਕੱਠੇ ਹੋਏ ਅਤੇ ਰੋਸ ਮੁਜ਼ਾਹਰਾ ਕੀਤਾ। ਉਨ੍ਹਾਂ ਨੇ ਕਸ਼ਮੀਰ ਵਾਦੀ ਵਿੱਚ ਹੱਤਿਆ ਲਈ ਹੁਰੀਅਤ ਨੂੰ ਜ਼ਿੰਮੇਵਾਰ ਠਹਿਰਾਇਆ। ਅਧਿਕਾਰੀਆਂ ਨੇ ਦੱਸਿਆ ਕਿ ਮੁਜ਼ਾਹਰਾਕਾਰੀਆਂ ਨੇ ਹੁਰੀਅਤ ਦੇ ਕੇਂਦਰੀ ਭਵਨ ਦੇ ਮੁੱਖ ਦਰਵਾਜ਼ੇ ਉੱਤੇ 'ਇੰਡੀਆ' ਲਿਖਿਆ ਅਤੇ ਵੱਖਵਾਦੀ ਗੁੱਟ ਦੇ ਨਾਮ ਵਾਲਾ ਬੋਰਡ ਉਤਾਰ ਦਿੱਤਾ। ਮੁਜ਼ਾਹਰੇ ਸਮੇਂ ਦਫ਼ਤਰ ਦਾ ਦਰਵਾਜ਼ਾ ਬੰਦ ਸੀ। ਮੁਜ਼ਾਹਰਾਕਾਰੀਆਂ ਵਿੱਚ ਸਮਾਜਿਕ ਕਾਰਕੁਨ, ਨਗਰ ਨਿਗਮ ਦੇ ਕੌਂਸਲਰ ਅਤੇ ਕਸ਼ਮੀਰੀ ਪੰਡਿਤ ਸ਼ਾਮਲ ਸਨ। ਇੱਕ ਮੁਜ਼ਾਹਰਾਕਾਰੀ ਨੇ ਕਿਹਾ ਕਿ ਹੁਰੀਅਤ ਦਫ਼ਤਰ ਜਲਦੀ ਬੰਦ ਹੋਵੇਗਾ ਅਤੇ ਇਸ ਇਮਾਰਤ ਵਿਚ ਅਨਾਥ ਆਸ਼ਰਮ ਚਲਾਇਆ ਜਾਵੇਗਾ। ਇੱਕ ਕਸ਼ਮੀਰ ਪੰਡਿਤ ਨੇ ਕਿਹਾ ਕਿ ਕਸ਼ਮੀਰ ਦੇ ਲੋਕਾਂ ਨੇ ਇਹ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਨੂੰ ਅਮਨ ਚਾਹੀਦਾ ਹੈ, ਖ਼ੂਨ ਖਰਾਬਾ ਨਹੀਂ।

ਹੁਰੀਅਤ ਕਾਨਫਰੰਸ ਆਗੂਆਂ ਨੇ ਦਫ਼ਤਰ ਅੱਗੇ ਪ੍ਰਦਰਸ਼ਨ ਦੀ ਨਿਖੇਧੀ ਕੀਤੀ ਹੈ। ਇੱਕ ਬਿਆਨ ਰਾਹੀਂ ਹੁਰੀਅਤ ਨੇ ਕਿਹਾ ''ਪੁਲੀਸ ਦੀ ਹਾਜ਼ਰੀ ਵਿੱਚ ਭਾੜੇ ਦੇ





ਗੁੰਡਿਆਂ' ਵੱਲੋਂ ਦਫ਼ਤਰ ਅੱਗੇ ''ਗੁੰਡਾਗਰਦੀ ਕਰਨਾ' ਨਿੰਦਣਯੋਗ ਹੈ।

ਵੱਖਵਾਦੀ ਗੁੱਟ ਨੇ ਕਿਹਾ, ''ਇਹ ਪ੍ਰਸ਼ਾਸਨ ਦੀ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਵਿੱਚ ਨਾਕਾਮੀ ਤੋਂ ਧਿਆਨ ਭਟਕਾਉਣ ਦੀ ਹੋਛੀ ਕੋਸ਼ਿਸ਼ ਹੈ। ਇਹ ਸ਼ਰਮਨਾਕ ਹੈ ਕਿ ਹੁਰੀਅਤ ਜਿਸ ਦੇ ਆਗੂ ਜੇਲ੍ਹਾਂ ਵਿੱਚ ਹਨ ਜਾਂ ਘਰਾਂ ਵਿੱਚ ਨਜ਼ਰਬੰਦ ਹਨ, ਖ਼ਿਲਾਫ ਪ੍ਰਚਾਰ ਲਈ ਹੱਤਿਆਵਾਂ ਨੂੰ ਵਰਤਿਆ ਜਾ ਰਿਹਾ ਹੈ।''

# ਗੁਰਬਾਣੀ ਵਿਆਖਿਆ ਤੋਂ ਤਕਲੀਫ ਕਿਉਂ?

ਜਸਪਾਲ ਸਿੰਘ ਹੇਰਾਂ

ਕੀ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਨੂੰ ਅੱਗੇ ਪ੍ਰਚਾਰਨਾ ਗੁਨਾਹ ਹੋ ਗਿਆ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੇ ਫੋਕਟ ਕਰਮ ਕਾਂਡਾਂ ,ਪਾਖੰਡਾਂ, ਵਹਿਮਾਂ, ਭਰਮਾਂ ਦਾ ਜ਼ੋਰਦਾਰ ਖੰਡਨ ਕਰਦੇ ਹਨ। ਇਹ ਫੋਕਟ ਕਰਮ ਕਾਂਡ ਚਾਹੇ ਕਿਸੇ ਵੀ ਧਰਮ ਦਾ ਹਿੱਸਾ ਹੋਣ, ਗੁਰੂ ਸਾਹਿਬ ਨੇ ਇਨ੍ਹਾਂ ਨੂੰ ਭਟਕਣ ਦੱਸਿਆ ਹੈ। ਇਨ੍ਹਾਂ ਨੂੰ ਪ੍ਰਮਾਤਮਾ ਨਾਲ ਮਿਲਣ ਦੇ ਰਾਹ ਵਿੱਚ ਵੱਡਾ ਰੋੜਾ ਦੱਸਿਆ ਹੈ।ਜੇ ਗੁਰੂ ਸਾਹਿਬ ਨੇ ਵਰਤ ਰੱਖਣ ਦਾ ਤਿੱਖੇ ਸ਼ਬਦਾਂ ਚ ਖੰਡਨ ਕੀਤਾ ਹੈ।ਕੀ ਸਾਡੇ ਧਰਮ ਦੇ ਪ੍ਰਚਾਰਕ ਇਨ੍ਹਾਂ ਫੋਕਟ ਕਰਮ ਕਾਂਡਾਂ ਦਾ ਖੰਡਨ ਸਿਰਫ਼ ਇਸ ਕਰਕੇ ਨਾ ਕਰਨ ਕਿ ਇਸ ਨਾਲ ਕਿਸੇ ਦੇ ਧਰਮ ਨੂੰ ਠੇਸ ਪਹੁੰਚਦੀ ਹੈ?ਉਸ ਧਰਮ ਵਾਲੇ ਇਹੋ ਜਿਹੇ ਖੰਡਨ ਤੇ ਪਰਚਾ ਦਰਜ ਕਰਵਾ ਦੇਣਗੇ? ਕੀ ਸੱਚ ਬੋਲਣਾ ਹੁਣ ਗੁਨਾਹ ਹੋ ਗਿਆ ਹੈ? ਸਿੱਖ ਧਰਮ ਤਾਂ ਭੁੱਲੇ ਭਟਕਿਆਂ ਨੂੰ ਸਹੀ ਰਾਹ ਦਰਸਾਉਣ ਵਾਲਾ ਹੈ।ਧਰਮ ਦੇ ਠੇਕੇਦਾਰਾਂ ਵੱਲੋਂ ਅੰਨ੍ਹੇ ਭਗਤਾਂ ਸ਼ਰਧਾਲੂਆਂ ਦੀ ਕੀਤੀ ਜਾਂਦੀ ਲੁੱਟ ਖਸੁੱਟ ਦਾ ਗੁਰੂ ਸਾਹਿਬ ਨੇ ਜ਼ੋਰਦਾਰ ਵਿਰੋਧ ਕੀਤਾ। ਗੁਰੂ ਨਾਨਕ ਸਾਹਿਬ ਜੀ ਨੇ 533 ਪਹਿਲਾਂ ਹੀ ਹਰ ਧਰਮ ਦੇ ਠੇਕੇਦਾਰਾਂ ਦੀ ਖ਼ੂਬ ਮੁਰੰਮਤ ਕੀਤੀ ਹੋਈ ਹੈ। ਪੁਜਾਰੀਆਂ ਤੇ ਕਾਜ਼ੀਆਂ ਨੂੰ ਖ਼ੂਬ ਰਗੜੇ ਲਾਏ ਹੋਏ ਹਨ। ਉਨ੍ਹਾਂ ਦੀਆਂ ਸਿਖਿਆਵਾਂ ਕੀ ਰੱਬ ਪਾਖੰਡਾਂ ਨਾਲ ਨਹੀਂ ਨਿਰਮਲ ਹਿਰਦੇ ਨਾਲ ਮਿਲਦਾ ਹੈ।ਕਦੇ ਕਿਸੇ ਨੂੰ ਜ਼ੁਅਰਤ ਨਹੀਂ ਪਈ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਬਾਰੇ ਕੋਈ ਕਿੰਤੂ ਪ੍ਰੰਤੂ ਕਰ ਸਕੇ।ਸੱਤਵੇਂ ਪਾਤਸ਼ਾਹ ਨੇ ਤਾਂ ਆਪਣੇ ਸਕੇ ਪੁੱਤਰ ਦਾ ਜ਼ਾਲਮ ਬਾਦਸ਼ਾਹ ਦੀ ਚਾਪਲੂਸੀ ਜਾਂ ਦਹਿਸ਼ਤ ਤਹਿਤ 'ਮਿੱਟੀ ਮੁਸਲਮਾਨ ਕੀ' ਥਾਂ 'ਮਿੱਟੀ ਬੇਈਮਾਨ ਕੀ' ਕਹਿਣ ਤੇ ਉਸ ਨੂੰ ਮੱਥੇ ਲਾਉਣ ਤੋਂ ਇਨਕਾਰ ਕਰ ਦਿੱਤਾ। ਅਸੀਂ ਲੰਮੇ ਸਮੇਂ ਤੋਂ ਹੋਕਾ ਦਿੰਦੇ ਆ ਰਹੇ ਹਾਂ ਕਿ ਗੁਰਬਾਣੀ ਨੇ ਆਪਣੇ ਸਿੱਖ ਨੂੰ 'ਨਿਰਭਉ ਤੇ ਨਿਰਵੈਰ' ਬਣਾਇਆ ਹੈ ਪਰੰਤੂ ਅੱਜ ਸਿੱਖੀ ਦੀ ਹੋਂਦ ਨੂੰ ਖ਼ਤਮ ਕਰਨ ਤੇ ਉਤਾਰੂ ਸਿੱਖ ਵਿਰੋਧੀਆਂ ਵੱਲੋਂ,ਸਿੱਖਾਂ ਵਿੱਚੋਂ ਸਿੱਖੀ ਜਜ਼ਬਾ ਖ਼ਤਮ ਕਰ ਲਈ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਅਪਣਾਏ ਜਾ ਰਹੇ ਹਨ ।ਸਿੱਖਾਂ ਚ ਸਹਿਮ ਪੈਦਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਕਿ ਇਸ ਮਹਾਨ ਇਨਕਲਾਬੀ ਧਰਮ ਦੀ ਸੱਚੀ ਤੇ ਨਗਾਰੇ ਤੇ ਲਾਈ ਡੰਕੇ ਦੀ ਚੋਟ ਨੂੰ ਮੱਧਮ ਕੀਤਾ ਜਾਵੇ ।ਗੁਰਬਾਣੀ ਝੂਠ, ਫਰੇਬ, ਕੂੜ ,ਕਪਟ, ਵਹਿਮਾਂ ਭਰਮਾਂ ਦਾ ਭਾਂਡਾ ਚੁਰਾਹੇ ਵਿੱਚ ਭੰਨਦੀ ਹੈ। ਕੀ ਸਿੱਖ ਗੁਰਬਾਣੀਂ ਨੂੰ , ਪੜ੍ਹਨਾ, ਸੁਣਨਾ ਛੱਡ ਦੇਣ ਕਿਉਂਕਿ ਗੁਰਬਾਣੀਂ ਦੀ ਸਿਖਿਆਂਵਾਂ ਪਖੰਡੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ। ਕਰਵਾ ਚੌਥ ਦਾ ਵਰਤ ਕਿਸੇ ਧਰਮ ਚ ਮਾਨਤਾ ਰੱਖਦਾ ਹੋਵੇਗਾ ਪ੍ਰੰਤੂ ਸਿੱਖੀ ਚ ਵਰਤ ਦਾ ਜ਼ੋਰਦਾਰ ਖੰਡਨ ਹੈ।ਟੀਵੀ ਸੀਰੀਅਲ ਤੇ ਐਕਟਰ ਔਰਤਾਂ ਦੀ ਦੇਖਾ ਦੇਖੀ ਸਿੱਖ ਬੀਬੀਆਂ ਨੇ ਵੀ ਕਰਵਾ ਚੌਥ ਨੂੰ ਵੱਡੀ ਗਿਣਤੀ ਵਿੱਚ ਅਪਣਾ ਲਿਆ ਹੈ। ਕੀ ਸਿੱਖ ਧਰਮ ਦੇ ਪ੍ਰਚਾਰਕਾਂ ਦਾ ਫ਼ਰਜ਼ ਨਹੀਂ ਬਣਦਾ ਉਹ ਕੁਰਾਹੇ ਪਈਆਂ ਸਿੱਖ ਬੀਬੀਆਂ ਨੂੰ ਸਚਾਈ ਤੋਂ ਜਾਣੂ ਕਰਵਾਉਣ ।ਉਨ੍ਹਾਂ ਸਿੱਖੀ ਮਾਰਗ ਦੀ ਜਾਣਕਾਰੀ ਦੇਣ। ਪ੍ਰਸਿੱਧ ਕਥਾਵਾਚਕ ਗਿਆਨੀ ਜਸਵੰਤ ਸਿੰਘ ਜਿਹੜੇ ਸੱਚ ਬੋਲਣ ਦਾ ਮਾਦਾ ਰੱਖਦੇ ਹਨ ਉਨ੍ਹਾਂ ਨੇ ਕਰਵਾ ਚੌਥ ਵਾਲੇ ਦਿਨ ਸਖ਼ਤ ਸ਼ਬਦਾਂ ਵਿਚ ਸਿੱਖ ਬੀਬੀਆਂ ਨੂੰ ਵਰਤ ਵਰਗੇ ਕਰਮ ਕਾਂਡ ਚ ਨਾ ਪੈਣ ਦੀ ਬੇਨਤੀ ਕੀਤੀ।ਇਹ ਸੁਣਕੇ ਸਿੱਖ ਵਿਰੋਧੀਆਂ ਦੀ ਛਾਤੀ ਤੇ ਉਨ੍ਹਾਂ ਦੇ ਬੋਲ ਸੱਪ ਵਾਂਗ ਲੇਟਣ ਲੱਗ ਗਏ। ਫ਼ਿਰਕੂ ਰੰਗਾਂ ਚ ਰੰਗੀ ਬੀਬੀ ਲਕਸ਼ਮੀ ਕਾਂਤਾ ਨੇ ਜ਼ਹਿਰ ਉਗਲਦਿਆਂ ਐਲਾਨ ਕਰ ਮਾਰਿਆ ਕਿ ਉਹ ਗਿਆਨੀ ਜਸਵੰਤ ਸਿੰਘ ਵਿਰੁੱਧ ਕਰਵਾ ਚੌਥ ਬਾਰੇ ਬੋਲਣ ਤੇ ਪਰਚਾ ਦਰਜ ਕਰਵਾਏਗੀ ।ਸ਼੍ਰੋਮਣੀਂ ਕਮੇਟੀ ਜਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਇਸ ਸਬੰਧੀ ਹਾਲੇ ਤੱਕ ਮੂੰਹ ਨਹੀਂ ਖੋਲ੍ਹਿਆ।ਗੁਰਬਾਣੀ ਦੀ ਵਿਆਖਿਆ ਕਰਦਿਆਂ ਸਾਡੇ ਪ੍ਰਚਾਰਕ ਗੁਰਬਾਣੀ ਦੇ ਆਸ਼ੇ ਅਨੁਸਾਰ ਵਿਆਖਿਆ ਕਰਦੇ ਹਨ ਤਾਂ ਉਨ੍ਹਾਂ ਵਿਰੁੱਧ ਕਿਸੇ ਵੱਲੋਂ ਕੋਈ ਧਮਕੀ ਜਾਂ ਕਾਰਵਾਈ ਦੀ ਪੂਰੀ ਕੌਮ ਠੋਕਵਾਂ ਜਵਾਬ ਦੇਵੇਗੀ।ਗੁਰਬਾਣੀ ਧਰਮੀ ਇਨਕਲਾਬ ਦੀ ਸ਼ੁਰੂਆਤ ਸੀ।ਮਨੁੱਖਤਾ ਦੀ ਜ਼ਹਿਨੀਅਤ ਵਿੱਚੋਂ ਸਾਰੇ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਦਾ ਹਨੇਰਾ ਦੂਰ ਕੀਤਾ ਤੇ ਰਹਿੰਦੀ ਦੁਨੀਆਂ ਤਕ ਕਰਦੀ ਰਹੇਗੀ। ਕਿਸੇ ਸਿੱਖ ਸਿਧਾਂਤ ਦੇ ਵਿਰੋਧੀ ਦੀਆਂ ਧਮਕੀਆਂ ਸਿੱਖ ਪ੍ਰਚਾਰਕਾਂ ਨੂੰ ਸੱਚ ਬੋਲਣ ਤੋਂ ਨਹੀਂ ਰੋਕ ਸਕਦੀਆਂ।


TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਪੰਥ ਕੀ ਜੀਤ

21 ਅਕਤੂਬਰ, ਦਿਨ ਸ਼ੁੱਕਰਵਾਰ.........ਸਵੇਰੇ 10:00 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ ਮਨਾਉਣ ਹਿੱਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ। ਜਿਸ ਦੇ ਭੋਗ 23 ਅਕਤੂਬਰ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ। ਇਸ ਪੁਰਬ ਤੇ ਸਾਰੀ ਸੇਵਾ ਭਾਈ ਦਰਸ਼ਨ ਸਿੰਘ ਤੇ ਬੀਬੀ ਸਵਰਨ ਕੌਰ ਸਿੱਧੂ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

23 ਅਕਤੂਬਰ, ਦਿਨ ਐਤਵਾਰ.........ਸਵੇਰ ਨੂੰ ਲੰਗਰ ਦੀ ਸੇਵਾ ਬੀਬੀ ਦਲਜੀਤ ਕੌਰ ਮਿਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

24 ਅਕਤੂਬਰ, ਦਿਨ ਸੋਮਵਾਰ.........ਬੰਦੀ ਛੋੜ ਦਿਵਸ ਅਤੇ ਦੀਵਾਲੀ ਹੈ, ਸ਼ਾਮ ਨੂੰ 6:00 ਵਜੇ ਤੋਂ 8:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

28 ਅਕਤੂਬਰ, ਦਿਨ ਸ਼ੁੱਕਰਵਾਰ.........ਬੰਦੀ ਛੋੜ ਦਿਵਸ ਮਨਾਉਣ ਹਿਤ ਸਵੇਰੇ 10:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 30 ਅਕਤੂਬਰ ਦਿਨ ਐਤਵਾਰ ਸਵੇਰ ਨੂੰ 9:30 ਵਜੇ ਪਾਏ ਜਾਣਗੇ।

29 ਅਕਤੂਬਰ, ਦਿਨ ਸ਼ਨਿੱਚਰਵਾਰ......ਬਾਅਦ ਦੁਪਹਿਰ 3:00 ਵਜੇ ਸਵਰਗਵਾਸੀ ਭਾਈ ਸੋਹਨ ਸਿੰਘ ਸੰਧੂ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

29 ਅਕਤੂਬਰ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਅਜੀਤ ਕੌਰ ਢੇਸੀ ਅਤੇ ਪਰਿਵਾਰ ਵਲੋਂ ਹੋਵੇਗੀ।

30 ਅਕਤੂਬਰ, ਦਿਨ ਐਤਵਾਰ.........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਰਨੈਲ ਸਿੰਘ ਢਿੱਲੋਂ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ     ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਨਾਨਕ ਦੇ ਪੈਰੋਕਾਰ ਕੌਣ?

ਸੋਚ ਨੂੰ ਨਿਰਾਲੀ ਰੱਖ ਕੇ ਜਿਉਣਾ,
ਬੜਾ ਦੁਸ਼ਵਾਰ ਹੁੰਦਾ ਹੈ ਮਿਉਣਾ,
ਵਕਤ ਦੇ ਸਾਹਵੇਂ ਖਲੋ ਅੜ ਜਾਣਾ,
ਵਿਚਾਰ ਨਵੇਂ ਰੱਖਣੇ ਨਾ ਨਿਉਣਾ।

ਵਿਚਰਨਾ, ਖਹਿਣਾ ਅਤੇ ਭਿੜਨਾ,
ਵਿਚਾਰਾਂ ਦੀ ਜੰਗ ਵਿੱਚ ਅੜਨਾ,
ਧਰਤ ਦਾ ਸੂਰਜ ਗਮਨ ਗਾਉਣਾ,
ਆਪਣੀ ਕਹੀ ਗੱਲ ਉੱਤੇ ਖੜ੍ਹਨਾ।

ਸਮੇਂ ਦੇ ਸਫ਼ੇ ਨਵਾਂ ਗੀਤ ਲਿਖਣਾਂ,
ਗੀਤ ਦੇ ਬੋਲਾਂ ਵਿੱਚ ਅੱਗ ਭਰਨਾ,
ਅੱਗ ਦੀ ਉੱਚੀ ਲਾਟ ‘ਤੇ ਨੱਚਣਾ,
ਸੇਕ ਸਹਿਣਾ ਤੇ ਰੂਹਾਂ ਦਾ ਠਰਨਾ।

ਅੰਗਿਆਰਾਂ ਤੇ ਨੰਗੇ ਪੈਰੀਂ ਤੁਰਨਾ,
ਕਸੀਸਾਂ ਵੱਟ ਕੇ ਪਾਰ ਜਾ ਵੱਜਣਾ,
ਅਦਭੁਤ ਖੇਡਾਂ ਦਾ ਹੁਸੀਨ ਮੰਜ਼ਰ ,
ਤਿੱਖੀ ਸੋਚ ਦਾ ਮੱਥੇ ਵਿੱਚ ਟਿਕਣਾ।

ਤਕਦੀਰੀ ਪਰੋਲੇ ਵਿਉਂਤੀਂ ਸਿਉਣਾ,
ਅੱਧ ਅਸਮਾਨੇਂ ਜਾ ਟਾਕੀ ਲਾਉਣਾ,
ਨਾਨਕ ਦੇ ਹਿੱਸੇ ਆਇਆ ਜਾਗਣਾ,
ਸੁੱਤੇ ਹੋਏ ਸਮਾਜ ਤਾਈਂ ਜਗਾਉਣਾ।

ਨਾਨਕ ਦੇ ਪੈਰੋਕਾਰ ਕੌਣ ਹਨ ਅੱਜ,
ਕਾਹਤੋਂ ਸੁੱਤੀ ਪਈ ਕੌਮ ਇਹ ਅੱਜ,
ਅੱਜ ਕਿਸ ਨੇ ਦੇਣਾ ਇਸਨੂੰ ਹਲੂਣਾ,
ਜਿਉਣ ਦਾ ਸਿੱਖਣਾ ਹਾਲੇ ਹੈ ਚੱਜ।



ਪੁਰਾਣੇ ਖੂਹਾਂ ‘ਤੇ ਜੁੜਦੀ ਨਾ ਢਾਣੀ,
ਇੱਟ ਵੱਟੇ ਹੋਵਣ ਨਾਂਹ ਹੁੰਦਾ ਪਾਣੀ,
ਮੌਣ ਟੁੱਟ ਜਾਂਦੀ ਉਜਾੜ ਖੂਹ ਵਾਲ਼ੀ,
ਉੱਜੜੇ ਬਾਗ ਦੇ ਗਾਲ੍ਹੜ ਪਟਵਾਰੀ।
“ਨਿਆਜ਼ਬੋ’ ਵਿੱਚੋਂ

**ਮਨਦੀਪ ਕੌਰ ਭੰਮਰਾ**

## ਦੀਵਾਲੀਏ ਨੀ ਦੀਨ ਦੀਏ

ਦੀਵਾਲੀਏ ਨੀ ਦੀਨ ਦੀਏ, ਤੈਨੂੰ ਕੀ ਸਿਖਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਕਹਿੰਦੇ ਨੇ ਹਨੇਰਾ ਕਦੀ, ਭਲਾ ਨਹੀਂਓ ਹੋਮਦਾ,
ਚੰਗੇ ਭਲੇ ਬੰਦਿਆਂ ਤੋਂ, ਰਸਤੇ ਹੈ ਖੋਹਮਦਾ।
ਪਰ ਅਕਲਾਂ ਦੇ ਅੰਨ੍ਹਿਆਂ ਨੂੰ, ਰਾਹ ਕੀ ਦਿਖਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਚਕਚੌਂਧ ਰੌਸ਼ਨੀ ਵੀ, ਅੰਨ੍ਹਾ ਕਰੇ ਬੰਦਿਆਂ ਨੂੰ,
ਮਾਇਆ ਦੀ ਚਮਕ ਵੀ ਤਾਂ, ਚੌੜ ਕਰੇ ਧੰਦਿਆਂ ਨੂੰ।
ਫੇਰ ਦੱਸ ਕਿਹਦੇ ਲਈ, ਦੀਵਾ ਕੋਈ ਜਗਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਭੋਲੇ ਭਾਲੇ ਬੰਦਿਆਂ ਨੂੰ, ਦਿਨ ਜਾਵੇ ਲੁੱਟਦਾ,
ਰਾਤ ਦੇ ਹਨੇਰਿਆਂ 'ਚ, ਗਰੀਬ ਜਾਵੇ ਲੁਕਦਾ।
ਹਨੇਰਿਆਂ ਦੇ ਕਿਹੜੇ ਖੂੰਜੇ, ਗਰੀਬੀ ਜਾ ਲੁਕਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।


ਗਿਆਨ ਵਾਲੀ ਰੌਸ਼ਨੀ ਦਾ, ਚੱਲਦਾ ਨਾ ਜ਼ੋਰ ਇੱਥੇ,
ਸੱਚ ਦੇ ਅਸੂਲਾਂ ਨੂੰ ਵੀ, ਜਾ ਕੇ ਟਿਕਾਈਏ ਕਿੱਥੇ।
ਕਿਹੜੀ ਖੁਸ਼ੀ ਮੁੱਖ ਰੱਖ, ਤੇਰੇ ਗੀਤ ਗਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਪਟਾਕਿਆਂ ਦੀ ਤਾੜ੍ਹ ਤਾੜ੍ਹ, ਪੁਤਲਿਆਂ ਦੀ ਸਾੜ ਸਾੜ,
ਬਦੀਆਂ ਦੇ ਬੰਦਿਆਂ ਦੀ, ਨਿੱਤ ਨਿੱਤ ਉੱਠੇ ਧਾੜ।
ਨੇਕੀਆਂ ਦੀ ਨਿੱਕੀ ਲੜੀ, ਕਿੱਥੇ ਜਾ ਚਲਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਦੀਵਾਲੀਏ ਨੀ ਦੀਨ ਦੀਏ, ਤੈਨੂੰ ਕੀ ਸਿਖਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਦੀਵਾਲੀ ਦਾ ਦੀਪ




ਧੀ ਦੀਪ ਦਿਵਾਲੀ ਦਾ,
ਇਹ ਨੂੰ ਜਗਮਗ ਜਗਣ ਦਿਓ।
ਵਾਅ ਬੁਰੀ ਜੋ ਵਗਦੀ ਏ,
ਨਾ ਇਸ ਨੂੰ ਲਗਣ ਦਿਓ।
ਇਹ ਦਾ ਤੇਲ ਨਚੋੜੋ ਨਾ।
ਇਹ ਦੀ ਵੱਟ ਮਰੋੜੋ ਨਾ।
ਇਹ ਦਾ ਮਾੜਾ ਲੋੜੋ ਨਾ।
ਦੀਪਕ ਨੂੰ ਤੋੜੋ ਨਾ।
ਇਸ ਨੱਨ੍ਹੀ ਦੀਪਕ ਨੂੰ-
ਦੀਵਿਆਂ ਸੰਗ ਫ਼ਬਣ ਦਿਓ।
ਧੀ ਦੀਪ ਦਿਵਾਲੀ ਦਾ...
ਇਸ ਦੀਪਕ ਸੋਹਣੀਂ ਨੂੰ।
ਮਨ ਨੂੰ ਮਨ ਮੋਹਣੀਂ ਨੂੰ।
ਇਸ ਨਵੀਂ ਪ੍ਰਾਹੁੰਣੀ ਨੂੰ।
ਸਾਡੇ ਘਰ ਆਉਂਣੀ ਨੂੰ ।
ਨਫ਼ਰਤ ਨੂੰ ਛਡ ਕੇ ਤੇ-
ਪਿਆਰ ਦਾ ਸ਼ਗਨ ਦਿਓ।
ਧੀ ਦੀਪ ਦਿਵਾਲੀ ਦਾ...
ਫੂਕ ਮਾਰ ਬੁਝਾਓ ਨਾ।
ਕੁੱਖ ਵਿਚ ਸਤਾਓ ਨਾਂ।
ਇਹ ਨੂੰ ਕਤਲ ਕਰਾਓ ਨਾਂ।
ਇਹ ਕਹਿਰ ਕਮਾਓ ਨਾਂ।
ਇਸ ਕੁਲ ਦੀ ਦੀਪਕ ਨੂੰ-
ਸੋਨੇ ਜਿਉ ਦਗ਼ਣ ਦਿਓ।
ਧੀ ਦੀਪ ਦਿਵਾਲੀ ਦਾ...



ਬਿਨ ਜੜ ਨਾ ਵੇਲ ਫ਼ਲੇ।
ਬਿਨ ਧੀ ਨਾ ਕੁਲ ਚਲੇ।
ਜਿਓਂ ਦੀਪ ਤੋਂ ਦੀਪ ਜਲੇ।
ਦਿਨ ਆਉਂਦੇ ਫੇਰ ਭਲੇ।
''ਸਰਾਂ'' ਤੁਸੀ ਬੁਝਾਓ ਨਾ-
ਚੰਗਿਆੜੀ ਮ਼ਗਨ ਦਿਓ।
ਧੀ ਦੀਪ ਦਿਵਾਲੀ ਦਾ-
ਇਹ ਨੂੰ ਜਗਮਗ ਜਗਣ ਦਿਓ।
ਵਾਅ ਬੁਰੀ ਨਾ ਲਗਣ ਦਿਓ।

**ਬਲਵੰਤ ਸਰਾਂ ਮੱਦੋਕੇ**
**604-217-0177**

-------------------


## ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

# ਪੰਜਾਬ ਸਵੀਟ ਹਾਊਸ

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

**WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE**



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

*2 Locations to Serve you*

#4-12818-72 Ave.,
Surrey, BC
**604-591-7611**

#8A-31205 Old Yale Rd.,
Abbotsford, BC
**604-504-1761**



## ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



### ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

### ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

### ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- **ਬੀ.ਸੀ. ਅਤੇ ਐਲਬਰਟਾ** ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

### ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

### ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

### ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

### ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

# ਚਰਨਜੀਤ ਕੌਰ ਰੈਨਾ

**ਵਕੀਲ ਅਤੇ ਨੋਟਰੀ ਪਬਲਿਕ**

# 778 835 8455

#201-13049 76th Avenue, Surrey BC V3W2V7
www.rainalaw.com Email : craina@rainalaw.com




7050 120 Street, S  rrey, British Columbia V3W 3M8, Tel: (604) 598-1300 Fax  (604) 594-1669

# ਇਸ ਹਫਤੇ ਦੇ ਪ੍ਰੋਗਰਾਮ

## ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

## ਸ੍ਰੀ ਅਖੰਡ ਪਾਠ ਸਾਹਿਬ

### ਮੇਨ ਹਾਲ ਵਿਖੇ

6 ਨਵੰਬਰ ਦਿਨ ਐਤਵਾਰ ਸਵੇਰੇ 6 ਵਜੇ ਆਰੰਭ ਹੋਣਗੇ।
ਭੋਗ 8 ਨਵੰਬਰ ਦਿਨ ਮੰਗਲਵਾਰ ਸਵੇਰੇ 9 ਵਜੇ ਪੈਣਗੇ।

ਸ੍ਰੀ ਵਾਹਿਗੁਰੂ ਜੀ ਕੀ ਫਤਿਹ




ਦੇਸ਼ ਪੰਜਾਬ ਨੂੰ ਭਾਰਤ ਦੀ ਗੁਲਾਮੀ ਤੋ ਅਜ਼ਾਦ ਕਰਾਉਣ ਲਈ ਆਪਾ ਵਾਰ ਗਏ ਮਹਾਨ ਸ਼ਹੀਦ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ , ਮਹਾਨ ਸ਼ਹੀਦ ਭਾਈ ਨਿਰਮਲ ਸਿੰਘ ਮੀਆਂਵਿੰਡ 18 ਅਕਤੂਬਰ 1989 ਦੇ ਸ਼ਹਾਦਤ ਦਿਹਾੜੇ ਤੇ ਖਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ ਕੋਟਿ ਪ੍ਰਣਾਮ।

## ਐਤਵਾਰ -23 ਅਕਤੂਬਰ 2022

ਦਿਨ ਦੇ ਵਿਸ਼ੇਸ਼ ਦੀਵਾਨ ਸੱਜਣਗੇ ਅਤੇ ਪੰਥਕ ਬੁਲਾਰੇ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ

### 21 ਅਕਤੂਬਰ ਦਿਨ ਸ਼ੁੱਕਰਵਾਰ

1. ਅਖੰਡ ਪਾਠ ਸਾਹਿਬ ਸਰਬਜੀਤ ਸਿੰਘ ਚਾਹਲ ਅਤੇ ਪਰਿਵਾਰ ਵੱਲੋਂ
2. ਬਿਕਰਮਜੀਤ ਸਿੰਘ ਅਤੇ ਪਰਿਵਾਰ ਵੱਲੋਂ
3.ਹਰਵਿੰਦਰ ਸਿੰਘ ਸਰਾਂ ਤੇ ਪਰਿਵਾਰ ਵੱਲੋਂ
4.ਪ੍ਰਭਜੋਤ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 4 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਨਵਦੀਪ ਸਿੰਘ ਚੀਮਾ ਅਤੇ ਪਰਿਵਾਰ ਵੱਲੋਂ
*ਸ਼ਾਮ 6-30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਦੇ ਲੰਗਰ ਸੇਵਾ ਜੀਵਨਜੋਤ ਸਿੰਘ ਅਤੇ ਪਰਿਵਾਰ ਵੱਲੋਂ

### 22 ਅਕਤੂਬਰ ਦਿਨ ਸ਼ਨਿਚਰਵਾਰ

*ਸਵੇਰੇ 9 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਮਨਮੋਹਨ ਸਿੰਘ ਅਤੇ ਪਰਿਵਾਰ ਵੱਲੋਂ
*ਸਵੇਰੇ 9.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਗੁਰਦੀਪ ਸਿੰਘ ਚੀਮਾ ਅਤੇ ਪਰਿਵਾਰ ਵੱਲੋਂ
*ਸਵੇਰੇ 11 ਵਜੇ ਭੋਗ ਸ੍ਰੀ ਸਹਿਜ ਪਾਠ ਤੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਹਰਜਿੰਦਰ ਸਿੰਘ ਅਤੇ ਪਰਿਵਾਰ ਵੱਲੋਂ
*ਦੁਪਹਿਰ 12 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ  ਗੁਰਮੁਖ ਪਰਿਵਾਰ ਵੱਲੋਂ
*ਦੁਪਹਿਰ 2 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰ ਦੀ ਸੇਵਾ ਹਰਪ੍ਰੀਤ ਸਿੰਘ ਮਾਨ ਅਤੇ ਪਰਿਵਾਰ ਵੱਲੋਂ
*ਸ਼ਾਮ 4 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰ ਸੇਵਾ ਕਮਲਦੀਪ ਸਿੰਘ ਅਤੇ ਪਰਿਵਾਰ ਵੱਲੋਂ
*ਸ਼ਾਮ 4 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਸਰਵਰਿੰਦਰ ਸਿੰਘ ਅਤੇ ਪਰਿਵਾਰ ਵਲੋਂ
*ਫਿਊਨਰਲ  ਮਾਤਾ ਕੁਲਵਿੰਦਰ ਕੌਰ ਸਾਧਰਾ 11 ਵਜੇ ਰਿਵਰਸਾਈਡ ਵਿਖੇ ਹੋਣਗੇ, 1 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਫਿਊਨਰਲ ਅਮਨਜੀਤ ਸਿੰਘ ਸਾਧਰਾ 12.30 ਵਜੇ ਰਿਵਰਸਾਈਡ ਵਿਖੇ ਹੋਵੇਗਾ, 2 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

### 23 ਅਕਤੂਬਰ ਦਿਨ ਐਤਵਾਰ

*ਸਵੇਰੇ 8.30 ਵਜੇ ਭੋਗ 4  ਸ੍ਰੀ ਅਖੰਡ ਪਾਠ ਸਾਹਿਬ ਪਾਠ ਸਾਹਿਬ
*ਸਵੇਰੇ 8.00 ਵਜੇ ਸ੍ਰੀ ਸੁਖਮਨੀ ਸਾਹਿਬ ਪਰਿਵਾਰ ਯੁਵਰਾਜ ਸਿੰਘ ਪਰਿਵਾਰ ਵੱਲੋਂ
*ਸਵੇਰੇ 10 ਵਜੇ ਸਹਿਜਪਾਠ ਸਾਹਿਬ ਦੇ ਭੋਗ ਗਗਨਪ੍ਰੀਤ ਸਿੰਘ ਪੰਨੂੰ ਅਤੇ ਪਰਿਵਾਰ
*ਫਿਊਨਰਲ ਹਰਬੰਸ ਸਿੰਘ ਪਰਮਾਰ 2 ਵਜੇ ਵੈਲੀ ਵਿਊ ਫਿਊਨਰਲ ਹੋਮ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ 3.30 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਤੇ ਅੰਤਿਮ ਅਰਦਾਸ ਹੋਵੇਗੀ।

ਬੰਦੀ ਛੋੜ ਦਿਵਸ ਦੀਵਾਲੀ  24 ਅਕਤੂਬਰ ਦਿਨ ਸੋਮਵਾਰ ਵਾਲੇ ਦਿਨ ਮਨਾਇਆ ਜਾ ਰਿਹਾ ਹੈ

ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ  *ਤਬਲਾ ਤੇ ਤੰਤੀ ਸਾਜ ਕਲਾਸਾਂ  *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ  *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ,
ਰਾਗੀ ਜਥਾ ਭਾਈ ਗੁਰਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ
ਰਾਗੀ ਜਥਾ ਭਾਈ ਗੁਰਦਿਆਲ ਸਿੰਘ ਖਡੂਰ ਸਾਹਿਬ ਵਾਲੇ

## ਕਥਾਵਾਚਕ

ਭਾਈ ਗੁਰਵਿੰਦਰ ਸਿੰਘ ਅੰਮ੍ਰਿਤਸਰ ਵਾਲੇ

## ਢਾਡੀ ਜਥਾ

ਭਾਈ ਜਗਦੇਵ ਸਿੰਘ ਜਾਚਕ




## ਗੁਰਦੁਆਰਾ ਸਾਹਿਬ ਵਿਖੇ ਅਕਤੂਬਰ 24, ਦਿਨ ਸੋਮਵਾਰ ਨੂੰ ਬੰਦੀਛੋੜ ਦਿਵਸ ਨੂੰ ਸਮਰਪਿਤ ਸਾਰਾ ਦਿਨ ਦੀਵਾਨ ਸਜਨਗੇ ।ਵੱਖ ਵੱਖ ਜਥੇ ਕਥਾ, ਕੀਰਤਨ ਅਤੇ ਢਾਢੀ ਵਾਰਾਂ ਗੁਰ ਇਤਿਹਾਸ ਨਾਲ ਨਿਹਾਲ ਕਰਨਗੇ।

### ਇਸ ਹਫਤੇ ਦੇ ਪ੍ਰੋਗਰਾਮ

➢ ਅਕਤੂਬਰ 21 ਸ਼ੁੱਕਰਵਾਰ ਤੋਂ ਅਕਤੂਬਰ 23 ਐਤਵਾਰ

- ਸੰਤ ਬਾਬਾ ਹੀਰਾ ਲਾਲ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਸੇਵਾ ਵੱਲੋਂ ਸਮੂਹ ਸਾਧਸੰਗਤ ਪਿੰਡ ਡਾਂਗੀਆਂ
- ਸੰਤ ਬਾਬਾ ਨੰਦ ਸਿੰਘ ਜੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਸੇਵਾ ਵੱਲੋਂ ਸਮੂਹ ਸਾਧਸੰਗਤ ਪਿੰਡ ਸ਼ੇਰਪੁਰ ਕਲਾਂ
- ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਸੇਵਾ ਵੱਲੋਂ ਸ੍ਰ ਜਤਿੰਦਰ ਸਿੰਘ ਖੰਘੂੜਾ

ਅਕਤੂਬਰ 22, ਦਿਨ ਸ਼ਨੀਵਾਰ

ਸ਼ਾਮ ਦੇ ਲੰਗਰ ਦੀ ਸੇਵਾ : ਸ੍ਰ ਦਰਸ਼ਨ ਸਿੰਘ ਬੈਂਸ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

ਗੁਰਦੁਵਾਰਾ ਸਾਹਿਬ ਵਿਖੇ ਹਾਜਰੀ ਭਰੇ ਰਹੇ ਪ੍ਰਚਾਰਕ ਜੱਥੇ

ਰਾਗੀ ਜੱਥਾ -ਭਾਈ ਚਾਣਕ ਸਿੰਘ ਜੀ ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਾਲੇ
ਰਾਗੀ ਜੱਥਾ ਭਾਈ ਭਾਈ ਰਣਜੋਧ ਸਿੰਘ ਜੀ ਫਰੀਦਕੋਟ ਵਾਲੇ
ਕਥਾ ਵਾਚਕ -ਭਾਈ ਜਸਵਿੰਦਰ ਸਿੰਘ ਜੀ ਲੁਧਿਆਣੇ ਵਾਲੇ
ਢਾਢੀ ਜੱਥਾ ਭਾਈ ਜਸਵਿੰਦਰ ਸਿੰਘ ਜੀ ਬਾਗੀ

ਗੁਰਦੁਆਰਾ ਸਾਹਿਬ
604-504-5530

ਬਲਬੀਰ ਸਿੰਘ ਬਨਵੈਤ(ਮੁੱਖ ਸੇਵਾਦਾਰ)
604-636-4247

ਮਨਜੀਤ ਸਿੰਘ ਗਰੇਵਾਲ(ਸੈਕਟਰੀ)
778-908-1570


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

Dev Bros.

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ

Custom Tailoring

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ ਨਵਾਂ ਸਟੋਰ ਹੁਣ ਐਬਟਸਫੋਰਡ 'ਚ

Phone:604-880-8434

Shifted to New Location
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ
#117, 1779 Clearbook Road, Abbotsford






PEACE FURNITURE

For The Peace Of Your Mind








ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca
Web:www.peacefurniture.ca